ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ

NOV 1989

ਨਵੰਬਰ ੧੯੮੯

## ਸਿਧ ਬੋਲਨਿ ਸੁਭ ਬਚਨ
## ਧੰਨੁ ਨਾਨਕ
## ਤੇਰੀ ਵਡੀ ਕਮਾਈ

ਅਖੰਡ ਕੀਰਤਨੀ ਜਥਿਆਂ ਵਲੋਂ ਨਿਰੰਕਾਰੀ ਬਾਬੇ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਜਲੰਧਰ ਵਿਖੇ 11 ਤੋਂ 14 ਨਵੰਬਰ ਸਵੇਰ ਤਕ ਮਨਾਇਆ ਜਾ ਰਿਹਾ ਹੈ।

www.AKJ.Org

# ਤ ਤ ਕ ਰਾ


| | | |
|---|---|---|
| ਕਲਿ ਤਾਰਣਿ ਗੁਰ ਨਾਨਕ ਆਇਆ | ੩ | ਭਾਈ ਗੁਰਦਾਸ ਜੀ |
| ਤਿਮਰ ਅਗਿਆਨ ਤੋਂ ਉਜਿਆਰਾ ('ਗੁਰਮਤਿ ਪ੍ਰਕਾਸ਼' ਪੁਸਤਕਚੋਂ) | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਜ਼ਾਹਰ ਪੀਰ ਜਗਤ ਗੁਰੂ ਬਾਬਾ | ੮ | ... ... ... .. |
| ਸਤਿਗੁਰ ਨਾਨਕ ਦੇਵ ਜੀ–ਇਕ ਮਹਾਨ ਗਣਿਤਗਯ | ੧੦ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰੂ ਨਾਨਕ ਦਾ ਇਕ ਮੁਸਲਮਾਨ ਸ਼ਰਧਾਲੂ | ੧੭ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਸਜਣ ਠੱਗ ਅਜੇ ਜੀਉਂਦਾ ਹੈ | ੧੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਮਹੱਤਵ-ਪੂਰਨ ਪ੍ਰਸ਼ਨ | ੨੨ | ਗਿ: ਜੰਗ ਸਿੰਘ ਜੀ, ਅਮਰੀਕਾ |
| ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ | ੨੫ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਕਲਿ ਤਾਰਣਿ ਗੁਰੂ ਨਾਨਕ ਆਇਆ | ੨੮ | ਸ: ਸੰਗਤ ਸਿੰਘ ਹੀਰਾ |
| ਬਲੀ-ਬਲਵਾਨ ਨਾਨਕ (ਕਵਿਤਾ) | ੨੯ | ਸ: ਅਤਰ ਸਿੰਘ ਜੀ ਨੀਰ |
| ਗੁਰੂ ਨਾਨਕ ਸੁਲਤਾਨਪੁਰੇ ਵਿਚ (ਕਵਿਤਾ) | ੩੦ | ਗਿ: ਗੋਪਾਲ ਸਿੰਘ ਜੀ ਮਿੱਤਰ |
| 'ਵਾਹਿਗੁਰੂ' ਸ਼ਬਦ ਅਤੇ 'ਨਾਮ' | ੩੧ | ਸੂਬੇਦਾਰ ਧਰਮ ਸਿੰਘ ਜੀ |
| ਸਿੱਖੀ ਜੀਵਨ ਵਿਚ ਸਿਦਕ ਭਾਵਨਾ | ੩੫ | ਗਿ: ਗੋਪਾਲ ਸਿੰਘ ਜੀ ਮਿੱਤਰ |
| ਵੰਡ ਕੇ ਛਕਣਾ | ੩੮ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਪੁਰਾਣੇ ਬ੍ਰਾਹਮਣਾਂ ਦੀ ਭਵਿਸ਼ ਬਾਣੀ | ੪੦ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |


ਸ੍ਰੀ ਗੁਰੂ ਗੋਬਿੰਦ ਜੀ ਜੋਤੀ ਜੋਤਿ — ੩ ਨਵੰਬਰ

ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਗੁਰਪੁਰਬ — ੧੩ ਨਵੰਬਰ

---

ਨੋਟ :–ਕੈਪਟਿਨ ਸਵਰਨ ਸਿੰਘ ਜੀ ਦਾ ਇਤਿਹਾਸਕ ਲੇਖ ਲੇਟ ਪੁਜਣ ਕਰਕੇ ਆਉ ਦੇ ਪਰਚੇ ਵਿਚ ਛਪੇਗਾ।

---

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਕਾਕਾ ਜਸ਼ਵਿੰਦਰ ਸਿੰਘ,ਦਿਲੀ(ਆਪਣੀ ਕਮਾਈ ਚੋਂ) | 50-00 | ਸ: ਹਰਚਰਨ ਸਿੰਘ, ਲੁਧਿਆਣਾ | 750-00 |
| ਪ੍ਰੋਫੈਸਰ ਹਰਨਾਮ ਸਿੰਘ, ਨਵੀਂ ਦਿਲੀ | 21-00 | ਸ: ਭਗਵਾਨ ਸਿੰਘ, ਦਿਲੀ | 11-00 |
| ਸ: ਜਗਜੀਵਨ ਸਿੰਘ, ਪਟਿਆਲਾ | 101-00 | ਗੁਪਤ ਦਾਨ | 51-00 |
| ਸ: ਜਸਵੰਤ ਸਿੰਘ ਸੁਬੇਗ ਸਿੰਘ, ਕਠਮੰਡੂ | 101-00 | ਐਚ. ਪੀ. ਸਿੰਘ, ਦਿਲੀ | 100-00 |
| ਨੈ/ਸੂਬੇਦਾਰ ਬਲਹਾਰ ਸਿੰਘ | 10-00 | ਸ: ਬਲਵਿੰਦਰ ਸਿੰਘ ਨਰਿੰਦਰ ਸਿੰਘ, ਜਲੰਧਰ | 135-00 |
| Cpl. ਕੁਲਦੀਪ ਸਿੰਘ, ਬੰਗਲੌਰ | 200-00 | ਸ: ਸੁਰਜੀਤ ਸਿੰਘ, ਸੰਗਤਪੁਰਾ | 200-00 |

ਸ: ਅਮਰਜੀਤ ਸਿੰਘ, ਨਵੀਂ ਦਿਲੀ—ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿਚ ... ... ... ... 101-00

ਸ: ਬੀਰ ਸਿੰਘ, ਅੰਬਾਲਾ—ਪੜੋਤੇ ਦੇ ਜਨਮ ਦੀ ਖੁਸ਼ੀ ਵਿਚ ... ... ... ... 21-00

ਕਾਕਾ ਅਮਰਦੀਪ ਸਿੰਘ ਸੁਖਦੀਪ ਸਿੰਘ, ਨਵੀਂ ਦਿਲੀ ਜਨਮ ਦੀ ਖੁਸ਼ੀ ਵਿਚ ... ... ... ... 500-00

ਸ: ਗਿਆਨ ਸਿੰਘ, ਰਾਮਪੁਰ—ਬੱਚੀ ਦੇ ਅਨੰਦ ਦੀ ਖੁਸ਼ੀ ਵਿਚ ... ... ... ... 101-00

ਸ: ਨਿਰਮਲ ਸਿੰਘ ਬੀਬੀ ਜਸਪਾਲ ਕੌਰ, ਅੰਮ੍ਰਿਤਸਰ–ਸ੍ਰੀ ਅਖੰਡ ਪਾਠ ਦੀ ਭੇਟ ... ... ... ... 215-25

ਬੀਬੀ ਹਰਬੰਸ ਕੌਰ ਪਰਵਾਰ, ਦਿਲੀ—ਭਾਈ ਮਨੀ ਸਿੰਘ ਜੀ ਦੀ ਯਾਦ ਵਿਚ ... ... ... ... 1000-00

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ 390-ਦਸਮੇਸ਼ ਕਲਾਥ ਮਾਰਕੀਟ ਅਜੀਤ ਨਗਰ ਅੰਮ੍ਰਿਤਸਰ ਤੋਂ ੧-੧੦-੮੯ ਨੂੰ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਿਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

ਦੇਸ ੧੫-੦੦
ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਨਵੰਬਰ ੧੯੯੯ ਅੰਕ ੧੧

# ਕਲਿ ਤਾਰਣਿ ਗੁਰੂ ਨਾਨਕ ਆਇਆ

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ ॥
ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤੁ ਸਿਖਾਂ ਪੀਲਾਇਆ ॥
ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰ ਇਕ ਦਿਖਾਇਆ ॥
ਚਾਰਿ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ ॥
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ ॥
ਉਲਟਾ ਖੇਲੁ ਪਿਰਮ ਦਾ, ਪੈਰਾ ਉਪਰਿ ਸੀਸੁ ਨਿਵਾਇਆ ॥
ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰੁ ਨਾਨਕ ਆਇਆ ॥੨੩॥

ਭਾਈ ਗੁਰਦਾਸ ਜੀ, ਵਾਰ ੧



www.AKJ.Org

# ਤਿਮਰ ਅਗਿਆਨ ਤੋਂ ਉਜਿਆਰਾ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਾ ਕਾਰਨ ?

ਭਰਮ ਅੰਧੇਰਾ, ਤਿਮਰ ਅਗਿਆਨ ਸਾਰੇ ਜਗਤ ਪਰ ਛਾਇਆ ਦੇਖ ਕੇ, ਕੇਵਲ ਇਸ ਤਿਮਰ ਅਗਿਆਨ ਰੂਪੀ ਭਰਮ-ਅੰਧੇਰੇ ਨੂੰ ਦੂਰ ਕਰਨ ਹਿਤ ਹੀ 'ਜਗਤ ਗੁਰੂ ਨਾਨਕ ਦੇਵ' ਜੀ ਨੇ ਤਿਮਰ ਅਗਿਆਨ ਦੇ ਹੜ੍ਹ ਵਿਚ ਹੜ੍ਹੇ ਜਾਂਦੇ ਸੰਸਾਰ ਨੂੰ ਉਬਾਰਨ ਲਈ ਕਲੀਕਾਲ ਵਿਖੇ ਆਣ ਕੇ ਅਵਤਾਰ ਧਾਰਿਆ ਅਤੇ ਧੁੰਦ ਗੁਬਾਰ ਵਿਚ ਧੁੰਦਲਾਏ ਸੰਸਾਰ ਦੇ ਧੁੰਦ ਰੋਗ, ਭਰਮ ਅੰਧ ਰੋਗ, ਤਿਮਰ ਅਗਿਆਨ ਰੋਗ ਨੂੰ ਦੂਰ ਕਰਨ ਲਈ ਅਜਿਹਾ ਅਧਿਭੁਤ ਅੰਜਨ ਅਮਰ ਕਲਾ ਦੁਆਰਾ ਵਰਸਾ ਕੇ ਧੁੰਦ ਰੋਗ ਦੇ ਆਤੁਰ ਅੰਧ-ਅਗਿਆਨੀ ਸੰਸਾਰੀਆਂ ਪ੍ਰਤੀ ਨਿਛਾਵਰ ਕੀਤਾ ਕਿ ਜਿਸ ਔਖਧ ਸੰਪੰਨ ਅਮਰ ਕਲਾ ਨੇ ਸੁਗਮ ਹੀ ਭਰਮ ਦੇ ਛਉੜ ਕਟ ਦਿਤੇ। ਇਸ ਅਮਰ ਕਲਾ ਪ੍ਰਕਾਸ਼ਕ ਅਤੇ ਤਿਮਰ ਅਗਿਆਨ ਬਿਨਾਸ਼ਕ ਨਿਰੰਜਨ-ਅੰਜਨੀ ਔਖਧੀ (ਦਾਰੂ) ਨੂੰ ਰਿਦੇ ਰੂਪੀ ਨੇਤਰਾਂ ਅੰਦਰ ਸਿੰਚ ਕੇ, ਰੋਗੀ ਸੰਸਾਰ ਦਾ ਅਗਿਆਨ ਰੋਗ ਚੱਕ ਦਿਤਾ। ਆਹ! ਕਿਹੀ ਅਜਚਰਜ ਔਖਧੀ ਹੈ! ਕਿਹਾ ਅਦੁੱਤੀ ਅੰਜਨ ਹੈ! ਜਿਸ ਨੂੰ ਗੁਰੂ ਸਰੂਪ ਅੰਮ੍ਰਿਤ ਬਾਣੀ, ਸਤਿਗੁਰੂ ਨਾਨਕ ਦੇਵ ਰੂਪੀ ਗੁਰੂ ਸਰੂਪ ਸੋਮੇ 'ਚੋਂ ਨਿਕਲੀ ਹੋਈ ਬਾਣੀ ਇਸ ਬਿਧ ਵਰਨਣ ਕਰਦੀ ਹੈ। ਯਥਾ :–

ਸੰਸਾਰੁ ਰੋਗੀ ਨਾਮੁ ਦਾਰੂ...੧॥ [ਧਨਾਸਰੀ ਮ: ੧–ਪੱਨਾ ੬੮੭

ਤਥਾ–ਗਿਆਨ ਅੰਜਨ ਨਾਮ ਬਿੰਜਨ...੧॥ (੪॥੨) [ਬਿਹਾਗੜਾ ਮ: ੫, ਪੰਨਾ ੫੪੨

ਬਸ ਇਹ ਅਲੌਕਿਕ ਅੰਜਨ, ਇਹ ਅਧਿਭੁਤ ਔਖਧੀ (ਦਾਰੂ) ਨਾਮ ਹੈ। ਜਿਸ ਅਮਰ ਪਦਾਰਥ ਦੇ ਭੁੰਚਿਆਂ ਅਤ ਰੋਗੀ ਦੇ ਰਿਦੇ ਰੂਪੀ ਰਿਦੇ-ਆਕਾਰ ਅੰਦਰ ਸਿੰਚਤ ਹੋਇਆਂ ਅਗਿਆਨ-ਅੰਧੇਰੇ ਦਾ ਬਿਨਾਸ ਅਤੇ ਕੋਟ ਸੂਰਜਾਂ ਦੇ ਉਜਿਆਰੇ ਸਮ ਦਿੱਬ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਯਥਾ ਗੁਰਵਾਕ–

ਨਾਮ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥੩॥੪॥ [ਪੰਨਾ ੭੦੦

ਇਹ ਪ੍ਰੀਖਿਆ ਹੈ ਭਰਮ-ਅੰਧੇਰਾ ਬਿਨਸਨ ਦੀ, ਇਹ ਸੱਚੀ ਪਛਾਣ ਹੈ ਤਿਮਰ ਅਗਿਆਨ ਦੇ ਬਿਨਾਸ ਦੀ।

## ਤਿਮਰ ਅਗਿਆਨ ਤੋਂ ਉਜਿਆਰਾ–

ਜਦ ਤੀਕ ਜਗਿਆਸੂਆਂ ਦੇ ਹਿਰਦੇ ਅੰਦਰ ਉਸ ਦਿੱਬ ਜੋਤਿ ਦੇ ਪ੍ਰਕਾਸ਼ ਦਾ ਉਜਾਲਾ, ਸਚ ਮੁਚ ਕੋਟ (ਕਰੋੜ) ਸੂਰਜਾਂ ਦੇ ਚਾਨਣੇ ਵਤ ਪਸਰਤ ਹੋ ਕੇ ਇਸ ਬਿਧਿ ਜਗਿਆਸੂਆਂ ਦੇ ਘਟਾਂ ਅੰਦਰ ਗਿਆਨ ਰੂਪੀ ਸੱਚਾ ਚਾਨਣਾ ਨਹੀਂ ਖਿੜਦਾ (ਵਿਗਸਦਾ), ਜੈਸੇ ਕਿ "ਚਾਂਦਨਾ ਗ੍ਰਿਹਿ ਹੋਇ ਅੰਧੇਰੈ"* ਦੇ ਗੁਰਵਾਕ ਦਾ ਭਾਵ ਦਸਦਾ ਹੈ, ਤਦ ਤੀਕਰ ਘੋਰ ਅੰਧਕਾਰ ਹੀ ਅੰਧਕਾਰ ਹੈ। ਪਰ ਐਵੇਂ ਕਥਨੀ ਬਦਨੀ ਦੁਆਰਾ ਇਹ ਉਜਾਲਾ ਉਦਿਤ ਨਹੀਂ ਹੋ ਸਕਦਾ। ਬਸ 'ਨਾਮ', ਕੇਵਲ ਨਾਮ ਦੁਆਰਾ ਹੀ ਐਸਾ ਹੋਣਾ ਸੰਭਵ ਹੈ। ਨਾਮ, ਕੇਵਲ ਨਾਮ ਦੁਆਰਾ ਦਿਬ ਜੋਤਿ ਦੀ ਲਖਤਾ, ਕੋਟ ਸੂਰਜਾਂ ਦੇ ਉਜਿਆਰੇ ਸਮ ਪ੍ਰਕਾਸ਼ਤ ਜੋਤਿ ਦੀ ਲਖਤਾ ਪ੍ਰਾਪਤ ਹੁੰਦੀ ਹੈ। ਇਸ ਲਖਤਾ ਦਾ ਅਰਥ ਚੁੰਚ ਗਿਆਨੀਆਂ ਵਾਲੇ ਕਥਨੀ ਮਾਤਰ ਹੀ ਨਹੀਂ। ਅਨੁਮਾਨਤਾ ਐਵੇਂ ਕਹਿਣੀ ਹੀ ਹੈ। ਇਹ ਲਖਤਾ ਤਾਂ ਉਸ ਕੋਟ ਸੂਰਜਾਂ ਦੇ ਉਜਿਆਰੇ ਸਮ ਝਿਲਮਿਲਕਾਰ ਕ੍ਰਾਂਤੀ ਪ੍ਰਕਾਸ਼ਤ ਜੋਤਿ ਦਾ ਸਾਂਗੋ ਪਾਂਗ ਦਿਦਾਰ ਦਾ ਸਾਪੇਖਛ ਦਰਸ਼ਨ ਹੈ। ਏਸ ਅਲੌਕਿਕ ਨਾਮ ਪਦਾਰਥ ਦਾ ਫੁਹਾਰਾ ਕਿਥੋਂ ਫੁਟਿਆ? ਉਸ 'ਸੱਚ,

*ਕਾਨੜਾ ਮ: ੫, ਪੰਨਾ ੧੩੦੧



www.AKJ.Org

ਸਤਿਗੁਰ ਸ੍ਰੀ ਗੁਰੂ ਨਾਨਕ ਦੇਵ' ਰੂਪੀ ਸੱਚੇ ਸੋਮੇ ਤੋਂ, ਜਿਸ ਦੇ ਅਵਤਾਰ ਧਾਰਨ ਦੇ ਸੁਭਾਗ ਦਿਹਾੜੇ ਦਾ ਗੁਰਪੁਰਬ ਸਦਾ ਮਨਾਇਆ ਜਾਂਦਾ ਹੈ।

ਇਹ ਗੁਰਪੁਰਬ ਮਨਾਵਣ ਦੀਆਂ ਸਾਰੀਆਂ ਖ਼ੁਸ਼ੀਆਂ ਕੇਵਲ ਉਸ ਸੁਭਾਗ ਦਿਹਾੜੇ ਦੀ ਯਾਦਗਾਰ ਵਿਚ ਹਨ, ਜਿਸ ਦਿਨ ਕਿ ਜੋਤਿ ਸਰੂਪ, ਪ੍ਰਕਾਸ਼ ਸਰੂਪ ਜੋਤਿ ਅਤੇ ਆਪਣੇ ਜੋਤਿ ਸਰੂਪ ਪ੍ਰਕਾਸ਼ ਦੁਆਰਾ ਸੰਸਾਰ ਭਰ ਦਾ ਤਿਮਰ-ਅਗਿਆਨ ਬਿਨਾਸ ਕਰਨਹਾਰ ਜੋਤਿ, ਨਾਮ ਦੀ ਕਲਾ ਵਰਤਾ ਕੇ ਕੋਟਾਨ ਕੋਟ ਸੂਰਜਾਂ ਦੇ ਝਲਕਾਰ ਸਾਰਖੇ ਚਮਤਕਾਰ ਨੂੰ ਸਾਖਸ਼ਾਤ ਕਰਾਵਨਹਾਰੀ ਜੋਤਿ ਅਰਥਾਤ ਗੁਰੂ, "ਸ੍ਰੀ ਗੁਰੂ ਨਾਨਕ ਦੇਵ" ਜੀ ਨੇ ਪਹਿਲੇ ਜਾਮੇ ਵਿਚ ਆਣ ਕੇ ਇਸ ਭਵ-ਭੂਮੀ ਉਤੇ ਆਪਣੇ (ਨਿਜ ਸਰੂਪ) ਨੂੰ ਪ੍ਰਗਾਸਿਆ। ਅਜਿਹੇ ਜੋਤਿ ਗੁਰੂ ਦੇ ਪਰਗਟ ਹੋਣ ਦਾ ਦਿਹਾੜਾ ਕੋਈ ਆਵਾਗਉਣ (ਮਮੂਲੀ) ਦਿਹਾੜਾ ਨਹੀਂ, ਇਹ ਸੱਚੇ ਪ੍ਰਕਾਸ਼ ਦਾ ਦਿਹਾੜਾ ਹੈ। ਇਸ ਦਿਨ ਤੋਂ ਹੀ ਕੂੜ ਦੀ ਪਾਲ ਨੂੰ ਤੋੜ ਕੇ ਸੱਚ ਦੀ, ਸੱਚੇ ਗਿਆਨ ਦੀ ਪਹੁ ਫੁਟਣ ਲਗੀ ਹੈ। ਇਸ ਦਿਨ ਤੋਂ ਹੀ ਅਗਿਆਨ ਦੇ ਭਰਮ-ਅੰਧੇਰੇ ਦੀ ਧੁੰਦ ਮਿਟਣ ਲਗੀ ਹੈ। ਖ਼ਾਸ ਉਹ ਦਿਨ ਤਾਂ ਵਿਸ਼ੇਸ਼ ਕਰਕੇ ਇਉਂ ਸੁਭਾਗਾ ਅਤੇ ਪੂਜਨੀਕ ਹੈ ਕਿ ਉਸ ਦਿਨ ਨਾਮ ਦਾ ਛੱਟਾ ਦੇ ਕੇ ਸੰਸਾਰ ਭਰ ਵਿਚ ਸੱਚਾ ਪ੍ਰਕਾਸ਼ ਕਰਨਹਾਰੀ ਅਕਾਲੀ ਮੂਰਤ ਦਾ ਆਪਣੀ ਜਗਮਗ ਜੋਤਿ ਵਿਚ ਜਗ ਕੇ ਪ੍ਰਕਾਸ਼ ਸਰੂਪ ਜੋਤਿ ਦੇ ਸੋਮੇ ਸਰੂਪੀ ਸੱਚੇ ਸੂਰਜ ਦਾ ਉਦੈ ਹੋਣਾ ਹੋਇਆ ਹੈ, ਜਿਸ ਸੂਰਜ ਰੂਪੀ ਸੋਮੇ ਤੋਂ ਨਿਕਸ ਕੇ ਪ੍ਰਕਾਸ਼ੀ ਨਾਮ ਰੂਪੀ ਕਿਰਣ ਦਾ ਉਜਿਆਰਾ (ਚਾਨਣਾ) ਹੀ ਕੋਟ ਸੂਰਜਾਂ ਦੇ ਉਜਿਆਰੇ ਸਮ ਹੈ। ਤਾਂ ਉਸ ਸੋਮੇ ਸਰੂਪ ਸੱਚੇ ਸੂਰਜ ਦੇ ਉਜਿਆਰੇ ਦੀ ਸੋਭਾ ਤਾਂ ਕੇਤਕ ਵਰਨਣ ਹੋ ਸਕਦੀ ਹੈ। ਕੋਟਾਨ ਕੋਟ ਸੂਰਜਾਂ ਦਾ ਚੜ੍ਹਨਾ ਗੁਰੂ ਰੂਪੀ ਸੱਚੇ ਸੂਰਜ ਦੇ ਪ੍ਰਕਾਸ਼ (ਉਦ ਹੋਣ) ਦੇ ਸਾਹਮਣੇ ਸੱਚ ਮੁੱਚ ਤੁਛ ਮਾਤਰ ਹੈ, ਜਿਹਾ ਕਿ ਇਹ ਵਾਕ ਭੀ ਪ੍ਰੋੜ੍ਹਤਾ ਕਰਦਾ ਹੈ। ਯਥਾ :–

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥੧॥ [ਮ: ੨, ਪੰਨਾ ੪੬੩

'ਸਉ' ਅਤੇ 'ਹਜਾਰ' ਦੇ ਪਦਾਂ ਤੋਂ ਭਾਵ ਅਣਗਿਣਤ ਦਾ ਹੈ। ਜਦ ਕਿ ਗੁਰੂ ਬਿਹੂਣ ਅਣਗਿਣਤ ਸੂਰਜਾਂ ਦੇ ਹੁੰਦਿਆਂ ਤਾਂ ਘੋਰ ਅੰਧਾਰ ਹੀ ਰਹਿੰਦਾ ਹੈ, ਤਦ ਇਸ ਭਵ-ਭੂਮੀ ਉਤੇ ਇਕ ਸੂਰਜ ਦੇ ਹੁੰਦਿਆਂ, ਪਰ ਗੁਰੂ ਬਿਹੂਣ ਕਿਤਨਾ ਕੁ ਘੋਰ ਅੰਧਾਰ ਹੋਵੇਗਾ। ਗੁਰੂ ਦੇ ਪਰਗਟ ਹੋਣ ਤੋਂ ਪਹਿਲਾਂ ਇਸ ਭਵ-ਭੂਮੀ ਉਤੇ ਮਹਾਂ ਘੋਰ ਗੁਬਾਰ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ ਹੋ ਸਕਦਾ, ਪਰ ਇਸ ਸੱਚੇ ਸੂਰਜ ਦੇ ਲਵੇ ਕੋਟ ਸੂਰਜ ਭੀ ਨਹੀਂ ਲਗਦੇ। ਤਿਸ ਸੱਚ ਪ੍ਰਕਾਸ਼ ਦੇ ਸੋਮੇ ਗੁਰੂ ਰੂਪੀ ਸੱਚੇ ਸੂਰਜ ਦੇ ਪਰਗਟ ਹੋਣ ਪਰ, ਇਸ ਭਵ-ਭੂਮੀ ਉਤੇ ਕਿਤਨਾ ਕੁ ਚਾਨਣ ਹੋਇਆ ਹੋਊ। ਸੱਚ-ਮੁੱਚ ਧੁੰਦ-ਗੁਬਾਰ ਅਤੇ ਘੋਰ-ਅੰਧਾਰ ਵਿਚ ਨਿਰਮਲ ਉਜਿਆਰਾ ਅਤੇ ਜੰਗਤ ਭਰ ਵਿਖੇ ਦਿਬ ਅਤੇ ਦੈਵੀ ਚਾਨਣੇ ਦਾ ਸੱਚਾ ਚਾਨਣ ਵਰਤ ਗਿਆ ਹੋਊ। ਕੀ ਇਸ ਮਹਾਂਵਾਕ ਦੀ ਸਹਿਆਈ ਉਤੇ ਸੰਦੇਹ ਉਪਜ ਸਕਦਾ ਹੈ ਕਿ–

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। [ਵਾਰ ੧, ਪਉੜੀ ੨੭

## ਗੁਰਪੁਰਬ ਮਨਾਉਣ ਦਾ ਪਰਯੋਜਨ ਕੀ ਹੈ ?

ਅਜਿਹੇ ਸੱਚੇ ਸਤਿਗੁਰੂ ਦੀ ਯਾਦਗਾਰ ਵਿਚ ਗੁਰਪੁਰਬ ਕਿਉਂ ਨਾ ਮਨਾਏ ਜਾਵਣ ! ਇਸ ਯਾਦਗਾਰ ਵਿਚ ਗੁਰਪੁਰਬ ਮਨਾਵਣ ਦਾ ਅਸਲੀ ਅਤੇ ਮੁਖ ਮਨੋਰਥ ਕੀ ਹੈ ? ਆਉ ਜ਼ਰਾ ਮਿਲ ਕੇ ਵਿਚਾਰੀਏ। ਸਤਿਗੁਰ ਨਾਨਕ ਦੇਵ ਜੀ ਦੇ ਪ੍ਰਗਟਣ ਦਾ ਪਰਮ ਪ੍ਰਯੋਜਨ ਜੋ ਹੈਸੀ, ਸੋਈ ਅਸਾਡੇ ਪੁਰਬ ਮਨਾਵਣ ਦਾ ਮੁਖ ਮੰਤਵ ਹੋਣਾ ਚਾਹੀਦਾ ਹੈ। ਆਉ ਜ਼ਰਾ ਵੀਚਾਰੀਏ ਕਿ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਤਾਂ ਕਿਸ ਕਾਰਨ ਕਰਕੇ ਆਏ ? ਕੀ ਉਹਨਾਂ ਦਾ ਆਵਣਾ ਚੁਰਾਸੀ ਦੇ ਜੀਵਾਂ ਵਤ ਸੀ ? ਕੀ ਉਹਨਾਂ ਦਾ ਅਵਤਾਰ ਧਾਰਨ ਕਰਨਾ ਆਮ ਅਵਤਾਰਾਂ ਵਤ ਸੀ ? ਨਹੀਂ ! ਹਰਗਿਜ਼ ਨਹੀਂ !! ਸਤਿਗੁਰ ਨਾਨਕ ਦੇਵ ਦੇ ਅਵਤਾਰ ਧਾਰਨ ਦੇ ਪ੍ਰਯੋਜਨ ਦੀ



www.AKJ.Org

ਅਲੌਕਿਕਤਾ ਅਤੇ ਵਿਲੱਖਣਤਾ ਹੇਠ ਲਿਖਿਆ ਗੁਰਵਾਕ ਇਸ ਬਿਧ ਗਾਂਵਦਾ ਹੈ ਅਤੇ ਗਾਉਂ ਕੇ ਨਿਰੂਪਣ ਕਰਾਉਂਦਾ ਹੈ। ਯਥਾ–

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥ [ਸੂਹੀ ਮ: ੫, ਪੰਨਾ ੭੪੯

ਆਮ ਅਵਤਾਰਾਂ ਵਤ ਗੁਰੂ ਜੀ ਨਿਜ ਦੇ ਬਖੇੜਿਆਂ ਅਥਵਾ ਮਨ-ਮੰਨੀ ਚਸਕੇ-ਬਾਜ਼ੀਆਂ ਹਿਤ, ਜੁੱਧ ਜੰਗ ਦੇ ਦੰਗਲ-ਦੁਗਾੜੇ ਅਥਵਾ ਰਾਸ-ਲੀਲ੍ਹਾ ਦੇ ਮੰਗਲ-ਅਖਾੜੇ ਰਚਣ ਨਹੀਂ ਸਨ ਆਏ, ਨਾ ਹੀ ਹੋਰ ਆਚਾਰਯਾਂ ਤੇ ਸੁਧਾਰਕਾਂ ਦੀ ਨਿਆਈਂ ਆਪਣੇ ਨਾਮ ਨੂੰ ਨਸ਼ਰ (ਪ੍ਰਸਿਧ) ਕਰਨ ਆਏ ਸਨ। ਸਤਿਗੁਰੂ ਨਾਨਕ ਦੇਵ ਜੀ ਆਏ ਤਾਂ ਪਰਉਪਕਾਰੀ ਆਏ, ਅਰਥਾਤ, ਪਰਉਪਕਾਰ ਹਿਤ ਆਏ। ਪਰਉਪਕਾਰ ਭੀ ਕਿਹੜਾ ! ਕਿ "ਜੀਅ ਦਾਨੁ ਦੇ ਭਗਤੀ ਲਾਇਨਿ"। ਨਾਮ ਰੂਪੀ ਸੱਚੇ ਧਨੁ ਦਾ ਸੱਚਾ ਆਤਮਿਕ ਦਾਨ ਦੇ ਕੇ ਸੰਸਾਰ ਭਰ ਦੇ ਪ੍ਰਾਣੀਆਂ ਨੂੰ ਭਗਤੀ ਵਿਖੇ ਲਾਵਣਾ ਗੁਰੂ ਜੀ ਦਾ ਪਰਉਪਕਾਰ ਸੀ । ਵਾਹ ! ਕਿਆ ਸੋਹਣਾ ਪਰਮ ਪਵਿੱਤਰ ਅਤੀ ਅਲੌਕਿਕ ਪਰਉਪਕਾਰ ਹੈ। ਇਹ ਗੁਰਮਤਿ ਪਰਉਪਕਾਰ ਹੈ। ਇਹ ਗੁਰਮਤਿ ਪਰਉਪਕਾਰ ਦਾ ਸੱਚਾ ਸਰੂਪ ਹੈ। ਦਾਨ ਭੀ ਜੀਅ ਦਾਨ, ਨਾਮ ਰੂਪੀ ਸੱਚੇ ਧਨ ਦਾ ਅਖੁਟ ਆਤਮਿਕ ਦਾਨ, ਲੋਕ ਪਰਲੋਕ ਵਿਖੇ ਸੰਗ ਸਾਥ ਨਿਭਣ ਵਾਲਾ ਪਰਮਾਰਥੀ ਦਾਨ। ਜੈਸਾ ਕਿ–

ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥੨॥੭॥ (ਪੰਨਾ ੫੧੧)

ਗੁਰਵਾਕ ਦੇ ਆਸ਼ੇ ਤੋਂ ਸਿਧ ਹੈ। ਇਸ ਦੈਵੀ ਦਾਨ ਦੁਆਰਾ ਭਗਤੀ ਦੇ ਪ੍ਰੇਮ-ਰਸ ਵਿਚ ਪਾਗ ਕੇ (ਗਲੇਫ ਕੇ) ਪ੍ਰਾਣੀਆਂ ਦਾ ਉਧਾਰ ਕਰਨ ਦੇ ਕਾਰਨ ਗੁਰੂ ਜੀ ਦਾ ਉਪਕਾਰ ਇਕ ਪਰਮ ਸ੍ਰੇਸ਼ਟ ਅਤੇ ਸਰਬੋਤਮ ਪਰਉਪਕਾਰ ਹੈ, ਜਿਹੜਾ ਕਿ ਕਿਸੇ ਪੀਰ ਪੈਗੰਬਰ, ਵਲੀ, ਔਲੀਏ ਅਥਵਾ ਅਵਤਾਰ ਤੋਂ ਨਹੀਂ ਬਣ ਆਇਆ। ਜੇ ਕੋਈ ਕਹੇ, "ਜੀਅ ਦਾਨੁ ਦੇ ਭਗਤੀ ਲਾਇਨਿ" ਰੂਪੀ ਪਰਉਪਕਾਰ ਤੋਂ ਪ੍ਰਾਣੀਆਂ ਨੂੰ ਗੁਰੂ ਜੀ ਨੇ ਪ੍ਰਾਪਤ ਕੀ ਕਰਾਇਆ ? ਤਾਂ "ਹਰਿ ਸਿਉ ਲੈਨਿ ਮਿਲਾਏ" ਦਾ ਅਗਲੇਰਾ ਪਦਾ ਦਸਦਾ ਹੈ ਕਿ ਉਕਤ ਪ੍ਰੇਮਾ-ਭਗਤੀ ਰੂਪੀ ਪਰਉਪਕਾਰ ਦੁਆਰਾ ਗੁਰੂ ਜੀ ਨੇ ਪਰਮੇਸ਼ਰ-ਪ੍ਰਾਪਤੀ ਦੀ ਪਰਮ ਪਦਵੀ ਨੂੰ ਪੁਚਾਇਆ। ਏਸ ਪਰਮ ਪਦ ਦਾ ਪ੍ਰਾਣੀਆਂ ਪ੍ਰਤੀ ਪ੍ਰਕਾਸ਼ਣਾ, ਅਰਥਾਤ ਪ੍ਰਾਪਤ ਕਰਵਾਣਾ ਹੀ ਸ੍ਰੀ ਸਤਿਗੁਰੂ ਜੀ ਦੇ ਅਵਤਾਰ ਧਾਰਨ ਦਾ ਪਰਮ ਪਰਯੋਜਨ ਸੀ।

ਸੋ ਅਸਾਡੇ ਗੁਰਪੁਰਬ ਮਨਾਵਣ ਦਾ ਮੁਖ ਮਨੋਰਥ ਭੀ ਇਹੋ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਜੀ ਦੇ ਆਗਮਨ ਦੇ ਪਰਮ ਪਰਯੋਜਨ ਨੂੰ ਪ੍ਰੇਮ ਪੂਰਬਕ ਯਾਦ ਕਰਦੇ ਹੋਏ ਪ੍ਰੇਮਾ-ਭਗਤੀ ਵਿਖੇ ਲੀਨ ਹੋਈਏ ਤੇ ਹਰਿ-ਪ੍ਰੀਤਮ ਦੇ ਮਿਲਾਪ ਦੇ ਪਰਮ ਪਦ ਦੀ ਪ੍ਰਾਪਤੀ ਹੋਵੇ। ਬਸ ਗੁਰਾਂ ਦੇ ਪਾਏ ਇਨ੍ਹਾਂ ਪਰਮਾਰਥੀ ਪੂਰਨਿਆਂ ਅਨੁਸਾਰ ਪਰਸਪਰ ਮਿਲ ਕੇ ਪ੍ਰੇਮ ਕਰਨਾ ਗੁਰਪੁਰਬ ਮਨਾਵਣ ਦਾ ਅਸਲ ਅਤੇ ਪੂਰਨ ਤਾਤਪਰਜ ਹੈ। ਇਹੋ ਹੀ ਗੁਰੂ ਜੀ ਦੇ ਪਰ-ਉਪਕਾਰ ਯਾਦ ਕਰਨਾ ਹੈ। ਇਸ ਬਿਧ ਭਾਉ-ਭਗਤੀ ਸਹਿਤ ਹੀ ਗੁਰਸਿਖਾਂ ਦਾ ਗੁਰਪੁਰਬ ਮਨਾਵਣਾ ਲੇਖੇ ਪੈਂਦਾ ਹੈ। ਤਦੇ ਹੀ ਤਾਂ ਭਾਈ ਗੁਰਦਾਸ ਜੀ ਨੇ ਗੁਰਪੁਰਬ ਮਨਾਵਣ-ਹਾਰਿਆਂ ਦੀ ਮਹਿਮਾ ਵਰਨਣ ਕੀਤੀ ਹੈ ਕਿ–

ਕੁਰਬਾਣੀ ਤਿਨ੍ਹਾ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ॥ [ਵਾਰ ੧੨, ਪਉੜੀ ੨

ਬਸ, ਭਾਉ-ਭਗਤੀ ਦੇ ਰੰਗ ਵਿਚ ਮਾਣਿਆ ਗੁਰਪੁਰਬ ਹੀ ਪਰਵਾਨ ਪੈਂਦਾ ਹੈ। ਪਰੰਤੂ ਪੁਰਬ ਮਨਾਵਣ ਦਾ ਆਮ ਰਿਵਾਜ ਦਸਦਾ ਹੈ ਕਿ ਗੁਰਪੁਰਬ ਇਸ ਮਨੋਰਥ ਲਈ ਨਹੀਂ ਮਨਾਏ ਜਾਂਦੇ। ਜੇ ਇਉਂ ਮਨਾਏ ਜਾਣ ਤਾਂ ਗੁਰਾਂ ਦੇ ਐਨ ਓਸੇ ਵਕਤ ਉਥੇ ਜੋਤਿ ਸਰੂਪੀ ਪਰਤੱਖ ਦਰਸ਼ਨ-ਦਿਦਾਰੇ ਪ੍ਰਾਪਤ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ, ਜਿਸ ਜੋਤਿ ਨੂੰ ਜਗਾ ਕੇ ਅਤੇ ਜਿਸ ਦਿਬ ਸਰੂਪ ਨੂੰ ਧਾਰਨ ਕਰ ਕੇ ਗੁਰੂ ਜੀ ਜਗਤ ਉਤੇ ਪਰਗਟ ਹੋਏ ਸਨ। ਪਰੰਤੂ ਪ੍ਰਿਥਮ ਤਾਂ ਇਸ ਜੋਤਿ-ਪ੍ਰਕਾਸ਼ੀ-ਦਰਸ਼ਨ ਦੀ ਪ੍ਰਤੀਤ ਹੀ ਪ੍ਰਾਣੀ ਨੂੰ ਬਹੁਤ ਵਿਰਲੀ ਅਤੇ ਥੋੜ੍ਹੀ ਹੈ। ਇਸ ਪ੍ਰਤੀਤੀ ਬਿਹੂਣ ਭਗਤੀ ਕਦ ਪਰਵਾਣ ਪੈ ਸਕਦੀ ਹੈ ? ਇਸ ਪ੍ਰਤੀਤ ਸੰਯੁਕਤ ਭਾਉ-ਭਗਤੀ ਕਰਨਾ ਅਤੇ ਗੁਰੂ ਦੇ ਗੁਣ ਗਾਵਣਾ ਹੀ ਥਾਉਂ ਪੈਂਦਾ ਹੈ। ਯਥਾ ਗੁਰਵਾਕ–



www.AKJ.Org

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥
(੪॥੪॥੧੧) ਸੂਹੀ ਮ: ੪, ਪੰਨਾ ੭੩੪

ਜਿਨ੍ਹਾਂ ਨੂੰ ਦਰਸ਼ਨ ਦੀ ਪ੍ਰਤੀਤ ਹੀ ਨਹੀਂ, ਉਹਨਾਂ ਨੂੰ ਦਰਸ਼ਨ ਦੀ ਚਾਹ, ਦਰਸ਼ਨ ਦੀ ਸਿੱਕ ਭੀ ਨਹੀਂ। ਤਿਨ੍ਹਾਂ ਨੂੰ ਦਰਸ਼ਨ ਦੀ ਪ੍ਰਾਪਤੀ ਕਿਥੇ ? ਤਿਨ੍ਹਾਂ ਦਾ ਗੁਰੂ ਗੁਣ ਗਾਵਣਾ, ਭਾਉ-ਭਗਤੀ ਕਮਾਵਣਾ ਅਤੇ ਗੁਰਪੁਰਬ ਮਨਾਵਣਾ ਕਿਸ ਲੇਖੇ ? ਦਰਸ਼ਨ ਦੇ ਇਸ ਸਿੱਕ-ਭਿੰਨੇ ਮਨੋਰਥ ਨੂੰ ਮੁਖ ਰਖੇ ਬਿਨਾਂ ਕਿਸੇ ਹੋਰ ਦੂਤੀ ਮਨੋਰਥ ਨੂੰ ਮੁਖ ਰਖ ਕੇ ਗੁਰਪੁਰਬ ਮਨਾਵਣਾ ਗੁਰੂ ਸੇਤੀ ਕਪਟ ਕਮਾਵਣਾ ਹੈ। ਕੀ ਇਹ ਕਪਟ ਨਹੀਂ ? ਕਿ ਉਂਜ ਤਾਂ ਅੱਖੀਂ ਮੀਟ ਕੇ ਇਸ ਬਿਧ ਮਧੁਰ ਸੁਰ ਦੁਆਰਾ ਅਲਾਪਨ ਕੀਤਾ ਜਾਵੇ ਕਿ—

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ। [ਵਾਰ ੧, ਪਉੜੀ ੨੭

ਪਰੰਤੂ ਗੁਰੂ ਦੇ ਜਗਤ ਵਿਖੇ ਚਾਨਣਾ ਕਰਨ ਵਾਲੇ ਦਰਸ਼ਨ, ਗੁਰੂ ਦੇ ਧੰਦ ਮਿਟਾਵਣ ਵਾਲੇ ਦਰਸ਼ਨ ਦੀ ਸਿੱਕ-ਭਿੰਨੀ ਪ੍ਰਤੀਤ ਭੀ ਨਾ ਉਪਜੀ ਹੋਵੇ। ਗੁਰਬਾਣੀ ਗਾਵਣਾ ਗੁਣੀ ਦਾ ਗੁਣਾਨਵਾਦ ਕਰਨਾ ਹੈ। ਗੁਣ ਅਤੇ ਗੁਣੀ ਵਿਚ ਭੇਦ ਨਹੀਂ। ਭੇਦ ਹੈ ਤਾਂ ਗੁਣਾਨਵਾਦ ਕਰਨਹਾਰੇ ਦੀ ਬਿਰਤੀ ਕਰਕੇ ਹੈ। ਜੇ ਬਿਰਤੀ ਗੁਣਾਂ ਵਿਚ ਲੀਨ ਨਹੀਂ ਹੋਈ ਤਾਂ ਗੁਣੀ ਦੇ ਸਰੂਪ ਦੀ ਲਖਤਾ ਕਿਥੋਂ ? ਪਰੰਤੂ ਗੁਣ ਗਾਇਨ ਦੁਆਰਾ ਹੀ ਓੜਕ ਬਿਰਤੀ ਦੀ ਲੀਨਤਾ ਅਤੇ ਗੁਣੀ ਦੀ ਲਖਤਾ ਹੀ ਸੰਭਵ ਹੈ। ਇਹੋ ਤਾਂ ਗੁਰਬਾਣੀ ਅੰਦਰ ਚੁੰਬਕ ਸ਼ਕਤੀ ਵਾਲਾ ਅਸਰ ਹੈ। ਤਦ ਹੀ ਤਾਂ ਕਲੀਕਾਲ ਵਿਖੇ ਕੀਰਤਨ ਪਰਧਾਨ ਰਖਿਆ ਗਿਆ ਹੈ ਅਤੇ ਏਸੇ ਕਰਕੇ ਹੀ ਗੁਰੂ ਵਲੋਂ ਗੁਰਸਿਖ ਪ੍ਰਤੀ ਇਹ ਹੁਕਮ ਹੈ ਕਿ—

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥੨॥੮੧॥ (ਪੰਨਾ ੬੨੯)

## ਜਾਗਤ ਜੋਤਿ ਦੇ ਦਰਸ਼ਨ—

ਪ੍ਰੀਤਮ ਦੇ ਪ੍ਰਕਾਸ਼ ਦੇ ਪਰਤਵ ਪ੍ਰਭਾਵ ਅਤੇ ਪ੍ਰਕਾਸ਼ ਦੀ ਜੋਤਿ ਦੇ ਪ੍ਰਤਾਪ ਕਰਕੇ ਜੋਤਿ-ਰਸ-ਭਿੰਨੇ ਅਤੇ ਦਰਸ-ਜੋਤਿ-ਭਿੰਨੜੇ ਲੋਇਣਾਂ ਅਗੇ ਉਜਿਆਰਾ ਹੈ। ਬਾਣੀ ਤੇ ਨਾਮ ਨਾਲ ਨੇਹੁ ਜੋੜਨ ਨਾਲ ਜੋਤਿ ਦੀ ਕਿਰਣ ਪ੍ਰਕਾਸ਼ ਪੈਂਦੀ ਹੈ ਅਤੇ ਫਿਰ ਜਿਉਂ ਜਿਉਂ ਇਹ ਨੇਹ ਵਧਦਾ ਜਾਂਦਾ ਹੈ ਤਿਉਂ ਤਿਉਂ ਜੋਤਿ ਵੀ ਪਸਰਦੀ ਜਾਂਦੀ ਹੈ। ਇਸ ਬਿਧ ਨਾਮ ਦੀ ਲਾਗ ਲਾ ਕੇ ਜੋਤਿ ਸਰੂਪ ਪਾਰਸ ਸਤਿਗੁਰ ਨੇ ਅਨੇਕਾਂ ਹੀ ਪ੍ਰਾਣੀਆਂ ਨੂੰ ਸੱਚੀ ਪ੍ਰਕਾਸ਼ ਸਰੂਪ ਜੋਤਿ ਦਾ ਉਜਿਆਰਾ ਬਖਸ਼ਿਆ ਅਤੇ ਹੁਣ ਭੀ ਬਖਸ਼ਣਹਾਰ ਹੈਂ। ਅਗਾਹਾਂ ਨੂੰ ਭੀ ਬਖਸ਼ਣ ਜੋਗ ਹੈ। ਉਸ ਸੱਚੀ ਜੋਤਿ ਦਾ, ਉਸ ਸੱਚੇ ਪ੍ਰਕਾਸ਼ ਦਾ ਜਿਨ੍ਹਾਂ ਨੂੰ ਉਜਿਆਰ ਨਹੀਂ ਹੋਇਆ, ਓਹ ਗੁਰਪੁਰਬ ਦਿਹਾੜੇ ਤਾਂ ਜੋਤਿ ਦਾ ਸੱਚਾ ਰੰਗ, ਮਜੀਠੀ ਰੰਗ ਚਾੜ੍ਹ ਲੈਣ। ਚਾੜ੍ਹਨ ਦਾ ਹੀਲਾ ਕਰ ਕੇ ਦੇਖ ਲੈਣ। ਹੋਰ ਨਹੀਂ ਤਾਂ ਨਾਮ ਨਾਲ ਹੀ ਨੇਹੁ ਲਾ ਕੇ ਪਰਤਿਅੱ ਲੈਣ; ਪਰ ਨਾਮ ਨਾਲ ਜੁਟਣ ਤੋਂ ਪਹਿਲਾਂ ਵਿਚਾਰ ਕੇ ਇਹ ਭੀ ਦੇਖ ਲੈਣ ਕਿ ਅਜਿਹੇ ਦੈਵੀ ਦਰਸ਼ਨਾਂ ਦੇ ਤਾਈਂ ਇਕ ਵਾਰ ਆਪਾ ਅਰਪਣਾ ਜ਼ਰੂਰ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਆਪਣੇ ਗੁਰਮੁਖ ਪਿਆਰਿਆਂ ਅਤੇ ਭਾਣੇ ਅੰਦਰ ਆਇਆਂ ਨਾਮ ਦੇ ਸੇਵਨਹਾਰੇ ਸਿਖ-ਸੇਵਕਾਂ ਨੂੰ ਸ੍ਵਾਂਵੇ ਹੀ ਪਰਗਟ ਹਨ। ਗੁਰਪੁਰਬ ਦਾ ਦਿਨ ਤਾਂ ਤਿਨ੍ਹਾਂ ਸੁਹਾਗਵੰਤੇ ਸੁਰਜਨਾਂ ਦੇ ਸਮੀਪੀ ਮਿਲਾਪ ਦਾ ਦਿਹਾੜਾ ਹੈ, ਜੋ ਭਾਉ-ਭਗਤੀ ਦੇ ਵਿਚ ਗੀਧੇ ਹੋਏ ਸਤਿਗੁਰੂ ਨਾਨਕ ਦੇਵ ਦੇ ਓਸ ਦੈਵੀ ਦਰਸ਼ਨ ਨੂੰ ਸਿੱਕਾਂ ਭਰੀ ਲਿਵਤਾਰ ਸਹਿਤ ਲੋਚ ਰਹੇ ਹਨ, ਜਿਸ ਚਮਕਦੇ ਦਰਸ਼ਨ ਦੇ ਸਰੂਪ ਵਿਚ ਗੁਰੂ ਜੀ ਦੀ ਦਿਬ ਜੋਤਿ ਅੱਜ ਦੇ ਦਿਨ ਭਵ-ਭੂਮੀ ਵਿਖੇ ਅਵਤਰੀ ਸੀ, ਜਿਸ ਦੇ ਝਲਕਾਰ ਨੇ ਬਿਜਲੀ ਵਾਲਾ ਚਮਤਕਾਰ ਸੂਰਜ ਮੁਖ ਫੂਲ ਵਤ ਪ੍ਰਕਾਸ਼ ਕੇ ਦਰਸ਼ਨ-ਅਧਿਕਾਰੀ ਪ੍ਰੇਮੀਆਂ ਨੂੰ ਇਕ ਵਾਰ ਫਿਰ ਨਿਖਰਵਾਂ ਕਰ ਕੇ ਅਤੇ ਨਿਖਾਰ ਕੇ ਦਿਖਾ ਦੇਣਾ ਹੈ। ਪਰੰਤੂ ਤਿਮਰ ਅਗਿਆਨੀ ਦੀ ਘੁੱਗੂ ਦ੍ਰਿਸ਼ਟੀ ਨੇ ਅਗੇ ਵਾਂਗੂ ਚੁੰਧਿਆ ਜਾਣਾ ਹੈ ਅਤੇ ਚੁੰਧਿਆਏ ਹੀ ਰਹਿਣਾ ਹੈ।


www.AKJ.Org

# ਜ਼ਾਹਰ ਪੀਰ ਜਗਤ-ਗੁਰੂ ਬਾਬਾ

ਅਜ ਤੋਂ ਪੰਜਾਹ ਕੁ ਸਾਲ ਪਹਿਲਾਂ ਦੀ ਹੇਠ ਲਿਖੀ ਵਾਰਤਾ ਪੜ੍ਹ ਸੁਣ ਕੇ ਪਰਤੱਖ ਹੁੰਦਾ ਹੈ ਕਿ ਜਗਤ ਗੁਰ ਬਾਬਾ, ਗੁਰੂ ਨਾਨਕ ਦੇਵ ਜੀ ਜ਼ਾਹਰੀ ਕਲਾ ਵਾਲੇ ਜ਼ਾਹਰਾ ਜ਼ਹੂਰ ਪੀਰ ਹਨ। ਉਹ ਆਪਣੇ ਸਿਖਾਂ-ਸੇਵਕਾਂ ਦੇ ਸਦਾ ਅੰਗ ਸੰਗ ਤੇ ਹਰ ਮੁਸ਼ਕਲ ਸਮੇਂ ਸਹਾਈ ਹਨ।

ਅਜੇ ਪਾਕਿਸਤਾਨ ਨਹੀਂ ਸੀ ਬਣਿਆ। ਅੰਗਰੇਜ਼ ਦਾ ਰਾਜ ਸੀ। ਦੂਜੀ ਵੱਡੀ ਲੜਾਈ ਸ਼ੁਰੂ ਹੋ ਚੁਕੀ ਸੀ। ਇਕ ਫ਼ੌਜੀ ਸਿਪਾਹੀ ਛੋਟਾ ਜਿਹਾ ਪਰਵਾਰ ਸੀ। ਦੰਪਤੀ ਨੇ ਗੁਰੂ ਬਾਬੇ ਦੀ ਸੁਖਣਾ ਸੁਖੀ, "ਸਤਿਗੁਰੂ ਜੀਉ, ਸਾਡੇ ਗ੍ਰਹਿ ਇਕ ਬੱਚੇ ਦੀ ਬਖਸ਼ਸ਼ ਕਰੋ। ਅਸੀਂ ਇਸ ਦੀ ਸੁਖਣਾ ਆਪ ਜੀ ਦੇ ਪਵਿਤਰ ਅਸਥਾਨ ਸ੍ਰੀ ਪੰਜਾ ਸਾਹਿਬ ਵਿਖੇ ਪੁਜ ਕੇ ਅਦਾ ਕਰਾਂਗੇ।"

ਸਾਹਿਬ ਤਰੁਠੇ। ਉਨ੍ਹਾਂ ਦੇ ਗ੍ਰਹਿ ਭੁਜੰਗੀ ਨੇ ਜਨਮ ਲਿਆ। ਸੰਨ ੧੯੪੧ ਈ: ਨੂੰ ਪਤੀ ਪਤਨੀ ਬੱਚੇ ਨੂੰ ਨਾਲ ਲੈ ਕੇ ਸ੍ਰੀ ਪੰਜਾ ਸਾਹਿਬ ਲਈ ਰੇਲ-ਗੱਡੀ ਤੇ ਸਵਾਰ ਹੋ ਗਏ। ਉਦੋਂ ਜ਼ਨਾਨਾ ਸਵਾਰੀਆਂ ਲਈ ਵਖਰੇ ਜ਼ਨਾਨਾ-ਡੱਬੇ ਹੁੰਦੇ ਸਨ ਅਤੇ ਸਭ ਜ਼ਨਾਨਾ ਸਵਾਰੀਆਂ ਉਨ੍ਹਾਂ ਡੱਬਿਆਂ ਵਿਚ ਹੀ ਸਫ਼ਰ ਕਰਦੀਆਂ ਸਨ।

ਰਾਵਲਪਿੰਡੀ ਤੋਂ ਅਗੇ ਇਕ ਛੋਟਾ ਜਿਹਾ ਜੰਕਸ਼ਨ ਸਟੇਸ਼ਨ ਕੁਤਬਾਲ ਹੈ। ਇਥੋਂ ਦੋ ਲਾਈਨਾਂ ਪਾਟਦੀਆਂ ਹਨ, ਇਕ ਕੋਹਾਟ ਨੂੰ ਜਾਂਦੀ ਹੈ ਤੇ ਦੂਜੀ ਪਿਸ਼ਾਵਰ ਨੂੰ। ਸ੍ਰੀ ਪੰਜਾ ਸਾਹਿਬ ਪਿਸ਼ਾਵਰ ਲਾਈਨ ਤੇ ਹੈ ਅਤੇ ਇਹ ਕੁਤਬਾਲ ਤੋਂ ਤੀਜਾ ਸਟੇਸ਼ਨ ਹੈ। ਕੁਤਬਾਲ ਸਟੇਸ਼ਨ ਤੇ ਫੌਜੀ ਸਿੰਘ ਨੇ ਜ਼ਨਾਨਾ ਡੱਬੇ ਪਾਸ ਜਾ ਕੇ ਆਪਣੀ ਪਤਨੀ ਨੂੰ ਦਸਿਆਂ ਕਿ ਅਗਾਂਹ ਪੰਜਾ ਸਾਹਿਬ ਸਟੇਸ਼ਨ ਆਉਣਾ ਹੈ, ਅਸਾਂ ਉਥੇ ਉਤਰ ਜਾਣਾ ਹੈ।

ਕੁਤਬਾਲ ਤੋਂ ਅਗਲਾ ਸਟੇਸ਼ਨ ਟੈਕਸਲਾ ਹੈ। ਫੌਜੀ ਸਿੰਘ ਦੀ ਪਤਨੀ ਇਥੇ ਉਤਰ ਗਈ। ਗੱਡੀ ਨੇ ਦੋ ਤਿੰਨ ਮਿੰਟ ਹੀ ਠਹਿਰਨਾਸੀ। ਗੱਡੀ ਚਲ ਪਈ। ਫੌਜੀ ਸਿੰਘ ਉਥੇ ਨਾ ਉਤਰਿਆ। ਵਿਚਾਰੀ ਇਸਤ੍ਰੀ ਬੱਚੇ ਨੂੰ ਕੁੱਛੜ ਚੁਕੀ ਡਾਢੀ ਘਬਰਾਈ। ਸਟੇਸ਼ਨ ਮਾਸਟਰ ਨੇ ਉਸ ਤੋਂ ਟਿਕਟ ਪੁਛੀ ਤਾਂ ਉਸ ਨੇ ਆਪਣੀ ਪ੍ਰੇਸ਼ਾਨੀ ਦਸੀ ਕਿ ਉਸ ਦਾ ਪਤੀ ਗੱਡੀ ਤੋਂ ਉਤਰਿਆ ਨਹੀਂ, ਉਹ ਇਕੱਲੀ ਰਹਿ ਗਈ ਹੈ। ਹੁਣ ਉਹ ਕੀ ਕਰੇ? ਸਟੇਸ਼ਨ ਬਾਬੂ ਨੇ ਉਸਨੂੰ ਕਿਹਾ ਕਿ ਹੁਣ ਕੋਈ ਗੱਡੀ ਨਾ ਉਧਰ ਜਾਣ ਵਾਲੀ ਹੈ ਤੇ ਨਾ ਆਉਣ ਵਾਲੀ। ਤੇਰਾ ਪਤੀ ਉਥੇ ਪੁਜ ਕੇ ਬਹੁਤ ਪ੍ਰੇਸ਼ਾਨ ਹੋਵੇਗਾ, ਇਸ ਕਰਕੇ ਤੂੰ ਇਥੋਂ ਟਾਂਗਾ ਕਰ ਕੇ ਪੰਜੇ ਸਾਹਿਬ ਜਾਣ ਦੀ ਕਰ, ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ।

ਉਨ੍ਹੀਂ ਦਿਨੀਂ ਉਧਰ ਪਠਾਣ ਹੀ ਟਾਂਗੇ ਚਲਾਂਦੇ ਸਨ। ਵਿਚਾਰੀ ਅਬਲਾ ਮਜਬੂਰਨ ਇਕ ਪਠਾਣ ਦਾ ਟਾਂਗਾ ਕਰਾਏ ਤੇ ਕਰ ਕੇ ਚਲ ਪਈ। ਰਸਤੇ ਵਿਚ ਪਠਾਣ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਇਕ ਉਜਾੜ ਜੰਗਲ ਵਿਚ ਟਾਂਗਾ ਖੜਾ ਕਰ ਦਿਤਾ ਅਤੇ ਉਸ ਮੁਸੀਬਤ ਫਸੀ ਤੀਵੀਂ ਨੂੰ ਇਕ ਬ੍ਰਿਛ ਨਾਲ ਬੰਨ੍ਹ ਕੇ ਜਕੜ ਦਿਤਾ। ਬੱਚਾ ਉਸ ਤੋਂ ਖੋਹ ਲਿਆ ਅਤੇ ਕਹਿਣ ਲਗਾ ਕਿ ਪਹਿਲਾਂ ਇਸ ਦੀ ਅਲਖ ਮੁਕਾ ਆਵਾਂ, ਫਿਰ ਤੇਰੇ ਨਾਲ ਆ ਕੇ ਨਿਬੜਦਾ ਹਾਂ। ਇਹ ਕਹਿ ਕੇ ਪਠਾਣ ਲਾਗੇ ਹੀ ਇਕ ਬਰਸਾਤੀ ਨਾਲੇ ਦੇ ਰੇਤ-ਥਲੇ ਤੇ ਬੱਚੇ ਨੂੰ ਲੈ ਤੁਰਿਆ।

ਬੱਚੇ ਨੂੰ ਇਸ ਤਰ੍ਹਾਂ ਮੌਤ ਦੇ ਮੂੰਹ ਜਾਂਦਿਆਂ ਵੇਖ ਕੇ ਮਮਤਾ-ਮਾਰੀ ਮਾਂ ਗੁੰਮ-ਸੁੰਮ ਹੋ ਗਈ, ਬੇਹੋਸ਼ ਹੋ ਗਈ।

ਇਸ ਭੀੜਾ ਪੈਣ ਤੇ ਨਿਰੰਕਾਰੀ ਬਾਬੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜ਼ਾਹਰਾ ਕਲਾ ਵਰਤੀ। ਉਸੇ ਸਮੇਂ ਇਕ ਫੌਜੀ ਅਫਸਰ ਕੁਝ ਸਿਪਾਹੀਆਂ ਸਮੇਤ ਆਪਣੀ ਜੀਪ ਤੇ ਇਥੋਂ ਲੰਘ ਰਿਹਾ ਸੀ। ਉਸ ਦੀ ਨਜ਼ਰ ਖਲੋਤੇ ਟਾਂਗੇ ਤੇ ਪਈ। ਟਾਂਗੇ ਵਿਚ ਕੋਈ ਵੀ ਨਹੀਂ ਸੀ, ਪਰ ਲਾਗੇ ਹੀ ਇਕ ਔਰਤ ਨੂੰ ਇਕ ਬ੍ਰਿਛ ਨਾਲ ਨੂੜੀ ਵੇਖ ਕੇ ਹੈਰਾਨ ਰਹਿ ਗਿਆ। ਜੀਪ ਖੜੀ ਕਰ ਕੇ ਸਿਪਾਹੀਆਂ 'ਨਾਲ ਉਸ ਦਰੱਖ਼ਤ ਲਾਗੇ ਪੁਜਾ। ਅਬਲਾ ਨੂੰ ਬੰਦ-ਖਲਾਸ ਕਰਵਾਇਆ, ਮੂੰਹ ਵਿਚ ਪਾਣੀ ਪਾ ਕੇ ਹੋਸ਼ ਵਿਚ ਲਿਆਂਦਾ ਤਾਂ ਮਮਤਾ-ਮਾਰੀ ਮਾਂ ਦੇ ਮੂੰਹੋਂ ਕੂਕ ਨਿਕਲੀ, "ਹਾਇ ਮੇਰਾ ਬੱਚਾ!"



www.AKJ.Org

ਫੌਜੀ ਅਫਸਰ ਨੇ ਸਾਰੀ ਗੱਲ ਜਾਣੀ ਤਾਂ ਉਹ ਉਸ ਪਾਸੇ ਵਲ ਸਿਪਾਹੀਆਂ ਸਮੇਤ ਪੁਜਾ, ਜਿਧਰ ਪਠਾਣ ਬੱਚੇ ਨੂੰ ਲੈ ਕੇ ਗਿਆ ਸੀ। ਉਥੇ ਜਾ ਕੇ ਕੀ ਵੇਖਿਆ ਕਿ ਪਠਾਣ ਦੇ ਹੱਥ ਵਿਚ ਛੁਰੀ ਹੈ, ਪਰ ਧਰਤੀ ਤੇ ਸਿਥਰ ਚੌਫਾਲ ਪਿਆ ਹੈ। ਅਤੇ ਉਸ ਦੇ ਲਾਗੇ ਹੀ ਬੱਚਾ ਖੇਡ ਰਿਹਾ ਹੈ, ਜਿਸ ਦੀਆਂ ਪਰਕਰਮਾਂ ਇਕ ਸਰਪ੍ਹ ਕਰ ਰਿਹਾ ਹੈ। ਇਹ ਸਭ ਕੁਝ ਵੇਖ ਕੇ ਉਹ ਸਾਰੇ ਚਕ੍ਰਿਤ ਰਹਿ ਗਏ। ਜਗਤ-ਗੁਰੂ ਬਾਬੇ ਦੀ ਜ਼ਾਹਰਾ ਵਰਤੀ ਕਲਾ ਵੇਖਕੇ ਉਨ੍ਹਾਂ ਦੇ ਮੂੰਹੋਂ 'ਧੰਨ ਗੁਰੂ ਨਾਨਕ', 'ਧੰਨ ਗੁਰੂ ਨਾਨਕ', 'ਧੰਨ ਗੁਰੂ ਨਾਨਕ' ਨਿਕਲ ਰਿਹਾ ਸੀ।

ਹੁਣ ਫੌਜੀ ਅਫਸਰ ਨੂੰ ਇਹ ਫ਼ਿਕਰ ਪਿਆ ਕਿ ਇਸ ਕਾਲੇ ਨਾਗ ਦੀ ਪਕੜ ਤੋਂ ਇਸ ਬੱਚੇ ਨੂੰ ਕਿਵੇਂ ਛੁਡਾਇਆ ਜਾਏ। ਅਖੀਰ ਸਿਪਾਹੀਆਂ ਨੂੰ ਲੈ ਕੇ ਉਹ ਅਗੇ ਵਧਿਆ ਤਾਂ ਉਹ ਸਰਪ ਉਥੇ ਹੀ ਗੁੰਮ-ਸੁੰਮ ਹੋ ਗਿਆ, ਕਿਤੇ ਨਜ਼ਰੀ ਨਾ ਆਇਆ। ਇਹ ਤਾਂ ਸਾਰਾ ਕੁਝ ਨਿਰੰਕਾਰੀ ਬਾਬੇ ਦਾ ਚਮਤਕਾਰ ਸੀ ਕਿ ਪਠਾਣ ਨੂੰ ਤਾਂ ਨਾਗ ਨੇ ਡਸ ਕੇ ਥਾਂ ਤੇ ਹੀ ਚਿਤ ਕਰ ਦਿਤਾ ਅਤੇ ਉਸ ਮਾਸੂਮ ਬੱਚੇ ਦੀ ਰਖਿਆ ਕਰਨ ਲਈ ਉਸ ਦੀਆਂ ਪਰਕਰਮਾ ਕਰਦਾ ਰਿਹਾ। ਗੁਰ-ਫੁਰਮਾਨ ਪਰਗਟ-ਪਗਾਰੇ ਤਸਦੀਕ ਕਰ ਰਿਹਾ ਹੈ–

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ਰਹਾਉ ॥
ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥
ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥੨॥੧੫॥੭੯॥ [ਬਿਲਾਵਲੁ ਮ: ੫, ਪੰਨਾ ੮੧੯

ਫ਼ੌਜੀ ਅਫ਼ਸਰ ਨੇ ਮਾਂ ਤੇ ਬੱਚੇ ਨੂੰ ਆਪਣੇ ਨਾਲ ਜੀਪ ਤੇ ਪੰਜੇ ਸਾਹਿਬ ਪਹੁੰਚਾਇਆ ਅਤੇ ਪਤੀ-ਪਤਨੀ ਨੇ 'ਧੰਨ ਗੁਰੂ ਨਾਨਕ' ਦਾ ਲੱਖ ਲੱਖ ਸ਼ੁਕਰ ਕਰਦਿਆਂ, ਆਪਣੀ ਸੁਖਣਾ ਗੁਰੂ ਬਾਬੇ ਦੇ ਚਰਨਾਂ ਵਿਚ ਅਰਪਨ ਕਰ ਕੇ, ਬਾਬੇ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਦੰਪਤੀ ਨੂੰ ਸਤਿਗੁਰੂ ਪਾਤਸ਼ਾਹ ਨੇ ਪਰਤੱਖ ਹੋ ਕੇ ਦ੍ਰਿੜ੍ਹ ਕਰਵਾ ਦਿਤਾ ਕਿ–

ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ, ਜਿਥੈ ਕਿਥੈ ਮੈਨੋ ਲਏ ਛਡਾਈ ॥੫॥
ਵਡਹੰਸ ਕੀ ਵਾਰ ਮ: ੪, ਪੰਨਾ ੫੮੮

ਕਿਉਂਕਿ ਪੂਰੇ ਸਤਿਗੁਰੂ ਨੇ ਉਨ੍ਹਾਂ ਨੂੰ ਮਹਾਨ ਸੰਕਟ ਵਿਚੋਂ ਆਪ ਹੱਥ ਦੇ ਕੇ ਰਖ ਲਿਆ ਸੀ–

ਕਾਟੇ ਕਸਟ ਪੂਰੇ ਗੁਰਦੇਵ ॥ ਸੇਵਕ ਕਉ ਦੀਨੀ ਅਪੁਨੀ ਸੇਵ ॥੧॥ਰਹਾਉ॥
ਮਿਟਿ ਗਈ ਚਿੰਤ ਪੁਨੀ ਮਨ ਆਸਾ ॥ ਕਰੀ ਦਇਆ ਸਤਿਗੁਰਿ ਗੁਣਤਾਸਾ ॥੨॥੧੨੭॥
ਗਉੜੀ ਮਹਲਾ ੫, ਪੰਨਾ ੧੯੭

ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਇਹ ਗੱਲ ਨਿਰਣੈ ਕੀਤੀ ਹੈ ਕਿ ਗੁਰੂ ਨਾਨਕ ਦੇ ਰਾਜ ਵਿਚ ਉਹ ਆਪ ਨਿਆਂਕਾਰ ਹੈ ਤੇ ਹਰੇਕ ਨਾਲ ਇਨਸਾਫ਼ ਕਰਦਾ ਹੈ। ਉਸ ਦੇ ਰਾਜ ਵਿਚ ਨਾ ਕੋਈ ਜ਼ਾਲਮ ਹੋ ਸਕਦਾ ਹੈ ਅਤੇ ਨਾ ਹੀ ਕਿਸੇ ਤੇ ਜ਼ੁਲਮ ਜਾਂ ਜੋਰ-ਜਬਰ ਹੋ ਸਕਦਾ ਹੈ–

ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮ ਨ ਜੋਰ ਜਰਾਬਾ ॥
ਜਾਹਰ ਪੀਰ ਜਗਤ ਗੁਰ ਬਾਬਾ ॥ [ਭਾਈ ਗੁਰਦਾਸ ਜੀ, ੨੪/੪

ਜੇ ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਦ੍ਰਿੜ੍ਹਾਏ ਧਰਮੀ ਰਾਜ ਦੀ ਸ਼ਰਨ ਵਿਚ ਆ ਜਾਈਏ ਤਾਂ ਬਾਬੇ ਦੀ ਜ਼ਾਹਰ ਕਲਾ ਵਰਤ ਕੇ ਰਹੇਗੀ ਅਤੇ ਜ਼ਾਲਮ ਤੇ ਜ਼ੁਲਮ ਸਾਡੇ ਨੇੜੇ ਫਟਕ ਵੀ ਨਹੀਂ ਸਕਣਗੇ। ਬਹੁ-ਪ੍ਰਕਾਰੀ ਮਾਇਆ ਵਿਆਪਣ ਕਰਕੇ ਅਸੀਂ ਗੁਰੂ ਬਾਬੇ ਦੇ ਉਪਦੇਸ਼ਾਂ ਤੋਂ ਦੂਰ ਜਾ ਰਹੇ ਹਾਂ, ਜਿਸ ਕਰਕੇ ਅਸੀਂ ਜ਼ੁਲਮ ਦੀ ਚੱਕੀ ਵਿਚ ਪੀਠੇ ਜਾ ਰਹੇ ਹਾਂ।


www.AKJ.Org

# ਸਤਿਗੁਰ ਨਾਨਕ ਦੇਵ ਜੀ–ਇਕ ਮਹਾਨ ਗਣਿਤਗਯ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6 ਗੋਬਿੰਦ ਪੁਰੀ, ਕਾਲਕਾ ਜੀ, ਨਵੀਂ ਦਿੱਲੀ]

ਨੋਟ :—ਸੂਝਵਾਨ ਲੇਖਕ ਨੇ ਇਸ ਲੇਖ ਵਿਚ ਜਯੋਤੀ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੇਅੰਤਹਾ ਭੰਡਾਰ ਵਿਚੋਂ ਰੱਬੀ ਗਿਆਨ ਦੇ ਗਣਿਤੀਯ ਪੱਖ ਨੂੰ ਲਿਆ ਹੈ। ਗਣਿਤ ਨੂੰ ਲੇਖ ਵਿਚ ਬਿਆਨ ਕਰਨਾ ਕਾਫ਼ੀ ਕਠਨ ਹੈ, ਪਰ ਲੇਖਕ ਨੇ ਗੁਰਬਾਣੀ ਦੀ ਪ੍ਰਮੁਖ ਅਗਵਾਈ ਵਿਚ ਇਸ ਵਿਸ਼ੇ ਨੂੰ ਨਿਖਾਰਨ ਦਾ ਸ਼ਲਾਘਾ ਯੋਗ ਜਤਨ ਕੀਤਾ ਹੈ। ਆਪ ਲੇਖ ਵਿਚ ਬਿਆਨ ਕਰਦੇ ਹਨ—

"ਸੰਸਾਰ ਦਾ ਗਣਿਤ ਇਕ ਤੋਂ ਆਰੰਭ ਹੋ ਕੇ ਸੀਮਿਤ ਦਾਇਰੇ ਵਿਚ ਰਹਿੰਦਾ ਹੈ ਤੇ ਅਸੀਮਤਾ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦਾ ਹੈ, ਜਦ ਕਿ ਗੁਰੂ ਨਾਨਕ ਦੇਵ ਜੀ ਦਾ ਅੰਕ-ਗਣਿਤ ਅਦਵੈਤਵਾਦ ਤੋਂ ਤੇ ਗਣਿਤ-ਅਨੰਤ ਤੋਂ ਸ਼ੁਰੂ ਹੁੰਦਾ ਹੈ। ਆਪ ਜੀ ਦਾ ਅਧਿਆਤਮਕ ਗਿਆਨ ਹਰੇਕ ਪੱਖੋਂ ਸੰਪੂਰਨ ਹੈ। ਇਹ ਗਿਆਨਾਂ ਦਾ ਗਿਆਨ ਹੈ, ਵਿਗਿਆਨ ਭੀ ਹੈ ਤੇ ਸਹਜ ਗਿਆਨ ਭੀ। ਸਹਜ ਗਿਆਨ ਕਮਾਲ ਦਾ ਹੈ। ਕਿਸੇ ਤੱਥ ਨੂੰ ਤਰਕ ਬਿਨਾਂ, ਪਰਮਾਣ ਬਿਨਾਂ, ਝੱਟ ਪੱਟ ਸਮਝਣ ਦੀ ਸ਼ਕਤੀ ਅਥਾਹ ਹੈ। ਆਪ ਜੀ ਦੇ ਭਾਵਾਤਮਕ ਵਿਚਾਰਾਂ ਤੇ ਤਰਕ ਵਿਚ ਵਿਰੋਧਤਾ ਜਾਂ ਟਕਰਾਉ ਨਹੀਂ ਹੈ, ਬਲਕਿ ਯੁਕਤੀ ਦੁਆਰਾ ਆਪ ਦੀਆਂ ਸਾਰਵਲੌਕਿਕ ਸਚਾਈਆਂ (Universal Truths) ਨੂੰ ਸਮਝਣਾ ਸੰਭਵ ਹੈ।"

ਇਸ ਲੇਖ ਵਿਚ ਵਾਹਿਗੁਰੂ ਜੀ ਦੇ ਕੁਝ ਇਸ ਤਰ੍ਹਾਂ ਦੇ ਗੁਣ ਵਖਾਣੇ ਗਏ ਹਨ ਕਿ ਉਹ ਬੇਅੰਤ ਹੈ; ਅਦ੍ਰਿਸ਼ਟ ਹੈ; ਊਚੀ ਹੂੰ ਊਚਾ ਤੇ ਗਹਿਰ ਗੰਭੀਰ ਹੈ; ਸ਼ਕਤੀਮਾਨ ਹੈ; ਅਮਿਤ, ਅਥਾਹ ਨਿਰਉਕਤਿ, ਸ੍ਵੈ-ਨਿਰਭਰ ਅਤੇ ਸਰਬ ਕਲਾ ਸੰਪੂਰਨ ਹੈ। ਅਕਾਲ ਪੁਰਖ ਦੇ ਅਜਿਹੇ 'ਨਿਤ ਨਵੇਂ' ਸਰੂਪ ਨਾਲ ਪਾਠਕ ਜਨ ਇਕ-ਸੁਰ ਹੋ ਕੇ ਨਾਮ-ਬਾਣੀ ਦੇ ਵਿਸਮਾਦੀ ਰੰਗਾਂ ਵਿਚ ਅਨੰਦਤ ਹੋ ਸਕਦੇ ਹਨ।

ਅੱਜ ਕਲ੍ਹ ਦੇ ਪ੍ਰਗਤੀਸ਼ੀਲ ਵਿਗਿਆਨਕ ਯੁੱਗ ਵਿਚ, ਜਦ ਕਿ ਟੀ. ਵੀ., ਰੇਡੀਓ, ਅਖ਼ਬਾਰਾਂ ਆਦਿ ਗਿਆਨ ਪ੍ਰਸਾਰ ਦੇ ਪ੍ਰਮੁੱਖ ਸਾਧਨ ਹਨ, ਜੇ ਕੋਈ ਬਹੁਤਾ ਪੜ੍ਹਿਆ ਵਿਦਵਾਨ ਗੁਰੂ ਨਾਨਕ ਸਾਹਿਬ ਨੂੰ ਅਨਪੜ੍ਹ ਕਹਿੰਦਾ ਹੈ ਤਾਂ ਉਹ ਆਪਣੀ ਅਗਿਆਨਤਾ ਜਾਂ ਤੰਗਦਿਲੀ ਦਾ ਪ੍ਰਗਟਾਵਾ ਕਰਦਾ ਹੈ। ਜਿਸ ਤਰ੍ਹਾਂ ਰੋਗੀ ਅੱਖਾਂ ਦਾ ਤੱਕਿਆ (ਜਿਵੇਂ ਪੀਲੀਆ ਰੋਗ ਵਿਚ) ਤੇ ਬੋਲੇ ਦਾ ਸੁਣਿਆ ਭਰੋਸੇ ਯੋਗ ਨਹੀਂ ਹੁੰਦਾ, ਤਿਵੇਂ ਰੋਗੀ ਮਨ ਦਾ ਸਤਿਗੁਰ ਦੀ ਵਡਿਆਈ ਨੂੰ ਸਵੀਕਾਰ ਕਰਨਾ ਨਿਰਾ ਭੁਲੇਖਾ ਹੁੰਦਾ ਹੈ।

ਸਤਿਗੁਰ ਨਾਨਕ ਦੇਵ ਜੀ ਨਾ-ਕੇਵਲ ਪਰਮੇਸ਼ਵਰ ਸਰੂਪ, ਦਾਰਸ਼ਨਿਕ, ਮਨੋਵਿਗਿਆਨਕ ਕਵੀ ਤੇ ਵਿਗਿਆਨਕ ਹਨ, ਬਲਕਿ ਯਥਾਰਥਾ, ਸੁਨਿਸਚਿਤਾ ਅਤੇ ਤਰਕ ਜੈਸੇ ਗੁਣਾਂ ਦੇ ਮਾਲਕ, ਮਹਾਨ ਗਣਿਤਗਯ ਭੀ ਹਨ। ਨਵੀਨ ਯੁਗ ਦੇ ਕੁਝ ਲਿਖਾਰੀ ਵੀ ਆਪ-ਬਣਾਈ ਕਸੌਟੀ ਦੀ ਪਰਖ ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸਰਬ-ਪੱਖੀ ਸ਼ਖ਼ਸੀਅਤ ਤੇ ਪ੍ਰਸਪਰ ਵਿਰੋਧੀ ਗੁਣਾਂ ਦੀ ਤਾਲ-ਮੇਲ ਦੀ ਸੁੰਦਰਤਾ ਦੀ ਪ੍ਰਸੰਸਾ ਕਰਨ ਤੋਂ ਵੰਚਿਤ ਰਹੇ ਹਨ। ਇਸ ਦਾ ਕਾਰਨ ਗੁਰੂ ਨਾਨਕ ਦੇਵ ਜੀ ਨੇ ਅਤਿ ਸੁੰਦਰ ਦਲੀਲ ਰਾਹੀਂ ਫੁਰਮਾਇਆ ਹੈ :–

ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥੨੪॥ (ਜਪੁ ਜੀ, ਪੰਨਾ ੫)

ਬੇਸ਼ਕ ਇਹ ਸ਼ਬਦ ਅਕਾਲ ਪੁਰਖ ਦੀ ਵਡਿਆਈ ਉਜਾਗਰ ਕਰਨ ਲਈ ਵਰਤੇ ਹਨ, ਪਰ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਤੇ ਵੀ ਇੰਨ ਬਿੰਨ ਘੱਟਦੇ ਹਨ।

ਪਰਮਾਤਮਾ ਦੀ ਉਸਤਤ ਵਿਚ ਪ੍ਰਯੋਗ ਹੋਏ ਅਨੇਕ ਵਿਸ਼ੇਸ਼ਣ ਅਕਾਲ ਪੁਰਖ ਦੀ ਬੇਅੰਤਤਾ ਨੂੰ ਦਰਸਾਉਂਦੇ ਹਨ, ਜਿਵੇਂ ਕਿ ਅਗਣਤ, ਅਡੋਲ, ਅਸੰਖ, ਅਪਾਰ, ਬੇਅੰਤ, ਅਲੀਕ, ਅਸੰਭ, ਅਗੰਮ, ਅਤੋਲ, ਅਮੋਲ, ਅਗਮ, ਅਗੋਚਰ ਆਦਿ। ਜਿਵੇਂ ਮੱਛੀ ਅਥਾਹ ਸਾਗਰ ਅੰਦਰ ਪ੍ਰੇਮ-ਵੇਗ ਵਿਚ ਵਿਗਸਦੀ, ਮੌਲਦੀ ਚੁੱਭੀਆਂ ਲਾਂਦੀ ਹੈ, ਤਿਵੇਂ ਹਜ਼ੂਰ ਪ੍ਰਭੂ ਦੇ ਅਨੰਤ ਗੁਣਾਂ ਦੀ ਵਡਿਆਈ ਵਿਚ ਲੀਨ ਅਗੰਮੀ ਰਸ ਤੇ ਅਨੰਦ, ਸਰੂਰ ਪ੍ਰਾਪਤ ਕਰਦੇ ਦਿਖਾਈ



www.AKJ.Org

ਦੇਂਦੇ ਹਨ, ਜਦ ਅਸੀਂ ਇਸ ਤਰ੍ਹਾਂ ਦੇ ਦੈਵੀ ਗੁਣਾਂ ਨੂੰ ਸਮੂਹਕ ਰੂਪ ਵਿਚ ਪ੍ਰੋਏ ਤੱਕਦੇ ਹਾਂ :-

ੳ) ਅਲਖ ਅਪਾਰ ਅਗੰਮ ਅਗੋਚਰ ਤਿਸੁ ਕਾਲੁ ਨ ਕਰਮਾ ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ (ਸੋਰਠਿ ਮ: ੧, ਪੰਨਾ ੫੯੭)

ਅ) ਪਰਵਦਗਾਰ ਅਪਾਰ ਅਗੰਮ ਬੇਅੰਤ ਤੂੰ ॥ ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ (ਪੰਨਾ ੪੮੮)

ੲ) ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥੨॥ (ਬਿਲਾਵਲੁ ਮ: ੧, ਪੰਨਾ ੭੯੫)

ਸ) ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥ ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥੨॥
(ਵਾਰ ਰਾਮਕਲੀ ਮ: ੫, ਪੰਨਾ ੯੬੬)

ਹ) ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥
(ਸੁਖਮਨੀ ਸਾਹਿਬ, ਪੰਨਾ ੨੯੨)

ਇਨ੍ਹਾਂ ਸਾਰਿਆਂ ਗੁਣਾਂ ਦਾ ਨਿਚੋੜ ਇਉਂ ਪ੍ਰਤੀਤ ਹੁੰਦਾ ਹੈ ਕਿ :—ਅਕਾਲ ਪੁਰਖ ਅਨੰਤ ਹੈ (He is Infinite) । ਨਾਂਵ ਦੇ ਰੂਪ ਵਿਚ ਬੇਅੰਤਤਾ (Infinity) ਇਕ ਐਸਾ ਸ਼ਬਦ ਜਾਂ ਚਿੰਨ੍ਹ ਹੈ ਜਿਸ ਦਾ ਸੰਬੰਧ ਵਿਸ਼ੇਸ਼ ਤੌਰ ਤੇ ਗਣਿਤ ਨਾਲ ਹੈ, ਹੋਰ ਕਿਸੇ ਵਿਸ਼ੇ ਨਾਲ ਨਹੀਂ । ਗਣਿਤ ਵਿਚ ਅਨੰਤ ਦੇ ਕੁਝ ਗੁਣ (Properties) ਹਨ ਤੇ ਦੂਸਰੇ ਪਾਸੇ ਅਨੰਤ-ਕਲਾ-ਵਾਹਿਗੁਰੂ ਦੇ ਆਪਣੇ ਦੈਵੀ ਗੁਣ (Divine Qualities) ਹਨ, ਜਿਨ੍ਹਾਂ ਦਾ ਆਪਸੀ ਸੰਬੰਧ ਸਮਝਿਆ ਜਾ ਸਕਦਾ ਹੈ, ਜਿਸ ਦਾ ਬਿਆਨ ਕਿਸੇ ਲੇਖ ਵਿਚ ਪ੍ਰਗਟਾਉਣਾ ਕੁਛ ਕਠਨ ਹੈ ।

ਉੱਨੀਵੀਂ ਸਦੀ ਵਿਚ ਗੌਸ Karl Fredrick GAUSS) ਇਕ ਮਹਾਨ ਗਣਿਤਗ੍ਯ (Mathematician) ਹੋਇਆ ਹੈ । ਉਸ ਨੇ ਗਣਿਤ ਵਿਚ ਅਨੰਤ ਸੰਬੰਧੀ ਸਮੱਸਿਆਵਾਂ ਤੇ ਜ਼ਬਰਦਸਤ ਹਮਲਾ ਇਸ ਕਰਕੇ ਕੀਤਾ ਕਿ ਕਈ ਵਾਰ ਉਨ੍ਹਾਂ ਸਮੱਸਿਆਵਾਂ ਦੇ ਸਿੱਟੇ ਭਿੰਨ ਭਿੰਨ ਨਿਕਲਦੇ ਹਨ । ਪੁਸਤਕਾਂ ਵਿਚ ਉਸ ਦੀ ਲਿਖਤ ਦਾ ਸਾਰਾਂਸ਼ (Extract) ਇਉਂ ਲਿਖਿਆ ਹੈ :-

"I protest against the use of Infinite magnitude,............which is never permissible in Mathematics."

ਅਰਥਾਤ—ਮੈਂ ਅਨੰਤ ਤੇ ਉਸ ਦੇ ਵਿਸਥਾਰ ਦੀ ਸਖਤ ਵਿਰੋਧਤਾ ਕਰਦਾ ਹਾਂ..........ਗਣਿਤ ਵਿਚ ਅਨੰਤ ਸੰਬੰਧੀ ਪ੍ਰਸ਼ਨ ਬਿਲਕੁਲ ਸਵੀਕਾਰ ਯੋਗ ਨਹੀਂ ਹਨ ।

ਪਰ ਜਦ ਅਸੀਂ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਜੋਤਿ ਦੇ ਅਨੰਤ ਸੰਬੰਧੀ ਗਿਆਨ ਨੂੰ ਗਹੁ ਨਾਲ ਵੀਚਾਰਦੇ ਹਾਂ ਤਾਂ ਅਸੀਂ ਸਾਫ ਸ਼ਬਦਾਂ ਵਿਚ ਕਹਿਣ ਤੋਂ ਸੰਕੋਚ ਨਹੀਂ ਕਰਦੇ ਕਿ ਕਿੰਨਾ ਚੰਗਾ ਹੁੰਦਾ ਜੇ ਗੌਸ ਏਨੀ ਤਿੱਖੀ ਆਲੋਚਨਾ ਕਰਨ ਦੀ ਬਜਾਏ, ਭਿੰਨ ਭਿੰਨ ਸਿੱਟਿਆਂ ਦੇ ਕਾਰਨਾਂ ਨੂੰ ਲੱਭ ਕੇ ਸਪੱਸ਼ਟ ਕਰ ਦਿੰਦਾ, ਜਿਹੜਾ ਕਿ ਉਹ ਬਹੁਤ ਸੁਖਾਲੇ ਢੰਗ ਨਾਲ ਕਰ ਸਕਦਾ ਸੀ ।

ਹਜ਼ੂਰ ਦੇ ਰੌਸ਼ਨ ਦਿਮਾਗ ਵਿਚ ਅਨੰਤ ਦੇ ਗੁਣਾਂ ਤੇ ਸਿੱਟਿਆਂ ਬਾਰੇ ਅ-ਸਪੱਸ਼ਟਤਾ ਦਾ ਕੋਈ ਥਾਂ ਨਹੀਂ ਹੈ, ਤੇ ਗੁਰਬਾਣੀ ਵਿਚ ਅਨੰਤ ਦੇ ਗੁਣਾਂ ਬਾਰੇ ਬਹੁਤ ਹਵਾਲੇ ਆਏ ਹਨ, ਜਿਨ੍ਹਾਂ ਦੇ ਭਾਵ ਪ੍ਰਗਟਾਉਣ ਵਿਚ ਅੱਤਕਥਨੀ ਨਹੀਂ ਕਿ "ਸੰਸਾਰ ਦਾ ਗਣਿਤ ਇਕ ਤੋਂ ਆਰੰਭ ਹੋ ਕੇ ਸੀਮਿਤ ਦਾਇਰੇ ਵਿਚ ਰਹਿੰਦਾ ਹੈ ਤੇ ਅਸੀਮਤਾ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦਾ ਹੈ, ਜਦ ਕਿ ਗੁਰੂ ਨਾਨਕ ਜੀ ਦਾ ਅੰਕ-ਗਣਿਤ ਅਦਵੈਤਵਾਦ ਤੋਂ ਤੇ ਗਣਿਤ-ਅਨੰਤ ਤੋਂ ਸ਼ੁਰੂ ਹੁੰਦਾ ਹੈ ।"

ਆਪ ਜੀ ਦਾ ਅਧਿਆਤਮਕ ਗਿਆਨ ਹਰੇਕ ਪੱਖੋਂ ਸੰਪੂਰਨ ਹੈ । ਇਹ ਗਿਆਨਾਂ ਦਾ ਗਿਆਨ ਹੈ, ਵਿਗਿਆਨ ਭੀ ਹੈ ਤੇ ਸਹਜ ਗਿਆਨ ਭੀ । ਸਹਜ ਗਿਆਨ ਕਮਾਲ ਦਾ ਹੈ । ਕਿਸੇ ਤੱਥ ਨੂੰ ਤਰਕ ਬਿਨਾਂ, ਪਰਮਾਣ ਬਿਨਾਂ ਝੱਟ ਪੱਟ ਸਮਝਣ ਦੀ ਸ਼ਕਤੀ ਅਥਾਹ ਹੈ । ਆਪ ਜੀ ਦੇ ਭਾਵਾਤਮਕ ਵਿਚਾਰਾਂ ਤੇ ਤਰਕ ਵਿਚ ਵਿਰੋਧਤਾ ਜਾਂ ਟਕਰਾਉ ਨਹੀਂ ਹੈ, ਬਲਕਿ ਯੁਕਤੀ ਦੁਆਰਾ ਆਪ ਦੀਆਂ ਸਾਰਵਲੌਕਿਕ ਸਚਾਈਆਂ (Universal Truths) ਨੂੰ ਸਮਝਣਾ ਸੰਭਵ ਹੈ । ਇਸੇ ਕਰ ਕੇ ਰੂਹਾਨੀਅਤ ਦੇ ਪਾਂਧੀ ਨੂੰ ਇਹ ਤੱਤ ਯਾਦ ਰੱਖਣਾ ਬਣਦਾ ਹੈ ਕਿ ਪ੍ਰਮਾਰਥਕ



www.AKJ.Org

ਗਿਆਨੀ ਬਣਨਾ ਦਲੀਲ ਨੂੰ ਅਪ੍ਰਵਾਨ ਕਰਨਾ ਨਹੀਂ, ਬਲਕਿ ਇਸ ਤੋਂ ਉੱਪਰ ਉੱਠਣਾ ਹੈ।

ਰੂਹਾਨੀਅਤ ਦੇ ਖੇਤਰ ਵਿਚ ਸ਼ਾਇਦ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਅਨੰਤ ਦੀ ਪ੍ਰੀਭਾਸ਼ਾ ਸਰਲ ਸ਼ਬਦਾਂ ਵਿਚ ਦਿਤੀ ਹੈ। ਉਂਜ ਤਾਂ ਪ੍ਰੀਭਾਸ਼ਾ ਨੂੰ ਪ੍ਰੀਭਾਸ਼ਤ ਕਰਨਾ ਵੀ ਸੌਖਾ ਨਹੀਂ, ਫਿਰ ਵੀ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਪ੍ਰੀਭਾਸ਼ਾ ਤੇ ਗੁਣ ਸਮਾਨਾਰਥਕ ਸ਼ਬਦ ਨਹੀਂ ਹਨ। ਪ੍ਰੀਭਾਸ਼ਾ ਇਕੋ ਹੀ (Unique) ਹੁੰਦੀ ਹੈ, ਚਾਹੇ ਉਹ ਅਲੱਗ ਅਲੱਗ ਸ਼ਬਦਾਂ ਦੁਆਰਾ ਬਿਆਨੀ ਗਈ ਹੋਵੇ। ਇਹ ਪ੍ਰੀਭਾਸ਼ਤ ਸ਼ਬਦ ਦੀ ਪੂਰਨ ਤੌਰ ਤੇ ਤਰਜਮਾਨੀ ਕਰਦੀ ਹੈ, ਜਦ ਕਿ ਗੁਣ ਇਕ ਤੋਂ ਵੱਧ ਵੀ ਹੋ ਸਕਦੇ ਹਨ। ਕਿਸੇ ਵੀ ਸਰੂਪ ਦਾ ਪੂਰਨ ਗਿਆਨ ਪ੍ਰੀਭਾਸ਼ਾ ਰਾਹੀਂ ਹੁੰਦਾ ਹੈ, ਨਾ ਕਿ ਕਿਸੇ ਇਕ ਗੁਣ ਦੁਆਰਾ। ਜਪੁਜੀ ਸਾਹਿਬ ਵਿਚ ਹੇਠਲੀ ਪਉੜੀ–

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥
ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥
ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥...੨੪॥

ਵਿਚ ਵਾਹਿਗੁਰੂ ਦੇ ਅਪਾਰਤਾ ਗੁਣ ਦਾ ਵਰਨਣ ਕਰਦੇ ਫੁਰਮਾਉਂਦੇ ਹਨ ਕਿ ਅਨੰਤ ਦਾ ਕੋਈ ਅੰਤ ਨਹੀਂ, ਸਿਰਾ ਨਹੀਂ, ਸੀਮਾ ਨਹੀਂ, ਕਿਉਂਕਿ ਅਸੀਂ ਪਰਮਾਤਮਾ ਨੂੰ ਆਪਣੀ ਮਰਜ਼ੀ ਅਨੁਸਾਰ ਭਾਵੇਂ ਕਿੰਨਾ ਵੱਡਾ ਕਰੀਏ, ਉਹ ਇਸ ਤੋਂ ਵੀ ਵੱਡਾ ਹੈ। ਇਸ ਦੀ ਪ੍ਰੀਭਾਸ਼ਾ ਗਣਿਤ ਵਿਚ ਇਸਤਰ੍ਹਾਂ ਲਿਖੀ ਜਾਂਦੀ ਹੈ–"ਅਨੰਤਤਾ ਕੋਈ ਨਿਸ਼ਚਿਤ ਸੰਖਿਆ ਨਹੀਂ, ਇਹ ਸਾਡੀ ਬੁੱਧੀ ਦੁਆਰਾ ਸੋਚੀ ਗਈ ਵੱਡੀ ਤੋਂ ਵੱਡੀ ਸੰਕਲਪਣਾ ਜਾਂ ਸੰਖਿਆ ਤੋਂ ਵੀ ਵੱਡੀ ਹੈ।"

ਇਸ ਤਰ੍ਹਾਂ 'ਅਨੰਤਤਾ' ਸੀਮਾ, ਗਿਣਤੀ, ਤੋਲ-ਮਾਪ ਤੋਂ ਪਰੇ ਹੈ। ਅਕਾਲ ਪੁਰਖ ਅਨੰਤ ਹੈ, ਇਸ ਲਈ ਇਸ ਵਿਚ ਵਿਵਿਧਤਾ ਹੈ, ਭਿੰਨਤਾ ਹੈ। ਕਈ ਦੈਵੀ ਗੁਣਾਂ ਦੀ ਵਿਰੋਧਤਾ ਮਾਦੀ ਦ੍ਰਿਸ਼ਟੀ ਨੂੰ ਦਿੱਸਦੀ ਹੈ, ਗਤੀਸ਼ੀਲ ਹੁੰਦਿਆਂ ਵੀ ਅਹਿੱਲ ਹੈ, ਇਸ ਦੀ ਏਕਤਾ ਵਿਚ ਅਨੇਕਤਾ ਤੇ ਅਨੇਕਤਾ ਵਿਚ ਏਕਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਵਿਚ ਇੱਕ ਬੇਨਜ਼ੀਰ ਰਚਨਾ ਹੈ, ਜਿਸ ਵਿਚ ਅਕਾਲ ਪੁਰਖ ਨੂੰ ਬਹੁਤ ਵੱਡੇ ਪੈਮਾਨੇ ਤੇ ਨਿਰਾਕਾਰੀ ਸਰੂਪ ਵਿਚ ਬਖਾਨਿਆ ਹੈ। ਆਕਾਰ ਜਾਂ ਸੀਮਾ ਵਾਲਾ ਹਰੇਕ ਪਦਾਰਥ ਹੱਦ ਵਿਚ ਹੁੰਦਾ ਹੈ, ਇਸ ਕਰਕੇ ਉਸ ਦੇ ਗੁਣ ਵੀ ਸੀਮਿਤ ਹਨ, ਜਦ ਕਿ ਅਨੰਤ ਦਾ ਗਿਆਨ ਸਰਬ-ਪੱਖੀ ਤੇ ਬੇਅੰਤ ਹੈ। ਪਾਵਨ ਹੁਕਮ ਹੈ :– ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਅਗਨਤ ਗੁਣ ਠਾਕਰੁ ਪ੍ਰਭ ਤੇਰੇ ॥੧॥

(ਬਿਲਾਵਲੁ ਮਹਲਾ ੫, ਪੰਨਾ ੮੦੨)

ਇਨ੍ਹਾਂ ਅਨੰਤ ਗੁਣਾਂ ਵਿਚੋਂ ਕੇਵਲ ਗਣਤੀਯ ਗੁਣ (ਜਿਨ੍ਹਾਂ ਦਾ ਸੰਬੰਧ ਇਸ ਲੇਖ ਨਾਲ ਹੈ) ਵਿਚਾਰ-ਅਧੀਨ ਹਨ। ਸਤਿਗੁਰ ਨੇ ਕੇਵਲ ਸਿਧਾਂਤਕ (Theoretical) ਪੱਖ ਵਖਾਨਿਆ ਹੈ, ਜਿਸ ਦਾ ਪ੍ਰਮਾਣ ਉਸ ਹਿਸਾਬ-ਦਾਨ ਕੋਲ ਅਵੱਸ਼ ਹੋਵੇਗਾ ਜਿਸ ਦੀ ਰੁੱਚੀ ਅਨੰਤ ਦੇ ਗੁੱਝੇ ਭੇਦਾਂ ਨੂੰ ਚੀਨਣ ਦੀ ਹੈ।

I: ਭੁਲੇਖਿਆਂ ਤੇ ਅਗਿਆਨਤਾ ਦੀਆਂ ਜੜ੍ਹਾਂ ਕੱਟਣ ਵਾਲਾ ਅਕਾਲ ਪੁਰਖ ਦਾ ਪਹਿਲਾ ਬੁਨਿਆਦੀ ਗੁਣ ਚਿੰਨ੍ਹ ਬਾਰੇ ਹੈ ਕਿ (He is Symbolless) ਉਸ ਦਾ ਸਰੂਪ ਚਕ੍ਰ ਚਿਹਨ ਤੋਂ ਉਪਰ ਹੈ। ਗੁਰੂ ਨਾਨਕ ਦੇਵ ਜੀ ਰਾਮਕਲੀ ਮਹਲਾ ੧ ਸਿਧ ਗੋਸਟਿ ਵਿਚ ਫ਼ੁਰਮਾਉਂਦੇ ਹਨ :–

ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥ (ਪੰਨਾ ੯੪੪)

ਉਹ ਚ੍ਹਿੰਨ੍ਹ, ਅਕਾਰ ਰੰਗ ਤੇ ਵਿਸ਼ੇਸ਼ ਨਾਮ ਤੋਂ ਰਹਿਤ ਹੈ। ਮਨਮਤੀ ਪ੍ਰੀਭਾਸ਼ਾ ਦੇ ਆਧਾਰ ਤੇ ਵੱਖ ਵੱਖ ਨਾਮਾਂ ਦੀ ਆੜ ਲੈ ਕੇ ਬਹਿਸ ਮੁਬਾਹਿਸਾ ਕਰਨਾ ਤੱਤ ਵਸਤੂ ਦੀ ਪ੍ਰਾਪਤੀ ਲਈ ਰੁਕਾਵਟ ਹੈ। ਹੋਰ ਪਾਵਨ ਹੁਕਮ ਹੈ :

ਤੂੰ ਵਰਨਾ ਚਿਹਨਾ ਬਾਹਰਾ ॥ ਹਰਿ ਦਿਸਹਿ ਹਾਜਰੁ ਜਾਹਰਾ ॥੨੦॥ (ਸਿਰੀਰਾਗੁ ਮ: ੫–੭੪)
ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥


www.AKJ.Org

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥੧॥ (ਜਾਪੁ ਸਾਹਿਬ)

ਕਿੰਨਾ ਤਾੜਨਾ ਭਰਿਆ ਹੇਠ ਲਿਖਿਆ ਹੁਕਮ ਹੈ ਪ੍ਰਮਾਤਮਾ ਨੂੰ ਚਿੰਨ੍ਹ ਦੁਆਰਾ ਪ੍ਰਗਟ ਕਰਨ ਦਾ ? ਇੰਜ ਕਰਨ ਨਾਲ ਅਸੀਂ ਬੇਅੰਤ ਪ੍ਰਭੂ ਨੂੰ ਕੇਵਲ ਗਿਣਤੀ ਮਿਣਤੀ ਤੇ ਆਕਾਰ ਵਾਲੇ ਸਰੂਪ ਵਿਚ ਹੀ ਪੇਸ਼ ਕਰਦੇ ਹਾਂ :–

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥

ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥ (ਸੋਰਠਿ ਮ: ੫–੬੧੨)

ਇਸ ਤਰ੍ਹਾਂ ਦਾ ਬਿਆਨਿਆ ਸਰੂਪ ਸਤਿਗੁਰ ਨੂੰ ਬਿਲਕੁਲ ਪਰਵਾਨ ਨਹੀਂ ਹੈ। ਇਸ ਪਾਵਨ ਹੁਕਮ ਦੀ ਉਲੰਘਣਾ ਕਰਨਾ ਹਰਣਾਖਸ਼ ਦੀ ਯਾਦ ਦਿਲਾਉਂਦਾ ਹੈ।

2. ਨਿਰੰਕਾਰ ਵਾਹਿਗੁਰੂ, ਲਾਸਾਨੀ, ਲਾ-ਸ਼ਰੀਕ ਤੇ ਅਤੁੱਲ ਹੈ (He is Matchless) ਦੁਨਿਆਵੀ ਸ਼ਕਤੀਆਂ ਦੀ ਬਰਾਬਰੀ ਸੰਭਵ ਹੈ, ਪਰ ਅਨੰਤ ਦੀ ਬਰਾਬਰੀ ਕਰਨੀ ਅਗਿਆਨਤਾ ਹੈ। ੧ਓ ਵਿਚ ਏਕਾ ਵਾਹਦੀਅਤ ਦਾ ਚਿੰਨ੍ਹ ਹੈ, ਜਿਸ ਦੀ ਨਕਲ ਕਰਨੀ ਮੂਰਖ ਦੀ ਹਾਠੀਸਾ ਹੈ। ਇਸ ਪ੍ਰਤੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :–

ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ ॥੬॥੨੧॥ (ਪੰਨਾ ੨੯੧)

ਅਤੇ–ਸਭ ਤੇ ਊਚ, ਊਚ ਤੇ ਊਚੋ, ਅੰਤੁ ਨਹੀ ਮਰਜਾਦ ॥

ਬਰਨਿ ਨ ਸਾਕਉ ਨਾਨਕ ਮਹਿਮਾ ਪੇਖਿ ਰਹੇ ਬਿਸਮਾਦ ॥੨॥੫॥੭੮॥ [ਸਾਰਗ ਮ: ੫–੧੨੧੯

ਦਸਮ ਪਾਤਸ਼ਾਹ ਜੀ ਵੀ ਅਕਾਲ ਪੁਰਖ ਦੀ 'ਉਪਮਾ ਮਹਾਨ' ਕਰਦੇ ਹੋਏ ਉਸ ਨੂੰ "ਬਾਲਾਨ ਬਾਲ" ਉਚਿਆਂ ਤੋਂ ਵੀ ਉੱਚਾ ਕਹਿ ਕੇ ਵਖਾਣਦੇ ਹਨ।

ਜਿਥੇ ਅਕਾਲ ਪੁਰਖ ਨੂੰ ਅਤਿ ਉੱਚਾ ਕਹਿ ਕੇ, ਉਸ ਦੀ ਬੇਅੰਤਤਾ ਦਰਸਾਈ ਹੈ, ਉਥੇ ਉਸ ਦੇ ਦੂਸਰੇ ਸਿਰੇ, ਡੂੰਘਾਈ ਦਾ ਜ਼ਿਕਰ ਕਰਦਿਆਂ ਦਸਿਆ ਹੈ ਕਿ ਉਹ ਇਤਨਾ ਡੂੰਘਾ ਗਹਿਰ ਗੰਭੀਰ ਹੈ ਕਿ ਉਸ ਦੇ ਪੇਟੇ ਦਾ, ਉਸ ਦੀ ਚੌੜਾਈ ਆਦਿ ਦਾ ਕੋਈ ਵਿਸਥਾਰ ਜਾਣ ਹੀ ਨਹੀਂ ਸਕਦਾ–

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ਰਹਾਉ॥ (ਆਸਾ ਮ: ੧, ਪੰਨਾ ੯)

ਗਣਿਤ ਅਨੁਸਾਰ ਲੰਬਾਈ ਚੌੜਾਈ, ਉਚਾਈ ਡੂੰਘਾਈ ਦੇ ਦੋ ਸਿਰੇ ਮਿਥੇ ਜਾਂਦੇ ਹਨ। ਪਰ ਵਾਹਿਗੁਰੂ ਜੀ ਦੇ ਦੋਹਾਂ ਸਿਰਿਆਂ ਦਾ ਕੋਈ ਜਾਣੂ ਨਹੀਂ ਹੋ ਸਕਦਾ, ਉਹ ਆਪ, ਹੀ ਇਸ ਸਾਰੀ ਗਿਣਤੀ ਮਿਣਤੀ ਦਾ ਸੁਆਮੀ ਹੈ। ਸ੍ਰੀ ਗੁਰੂ ਨਾਨਕ ਪੰਜਵੀਂ ਜੋਤਿ ਸਪੱਸ਼ਟ ਕਰਦੇ ਹਨ–

ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥

ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥੧੧॥ (ਸੁਖਮਨੀ ਸਾਹਿਬ)

ਜਿਨ੍ਹਾਂ ਨੇ ਆਪਣੀਆਂ ਅੰਦਰੂਨੀ ਅੱਖਾਂ ਨਾਲ ਤੱਕਿਆ ਹੈ, ਉਨ੍ਹਾਂ ਨੇ ਵੀ ਅਕਾਲ ਪੁਰਖ ਨੂੰ ਅਪਹੁੰਚ ਕਹਿ ਕੇ ਹੀ ਪੁਕਾਰਿਆ ਹੈ–

ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥

ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ ॥੧॥ਰਹਾਉ॥ (ਦੇਵਗੰਧਾਰੀ ਮ: ੫–੫੩੪)

ਦਾਤਾਰ ਦੇ ਗੁੱਝੇ ਭੇਤਾਂ ਦਾ ਗਿਆਤਾ ਤਾਂ ਉਹ ਹੋ ਸਕਦਾ ਹੈ ਜਿਹੜਾ ਉਸ ਸਮਾਨ ਹੋਵੇ। ਜਦ ਇਹ ਅਸੰਭਵ ਹੈ ਤਾਂ ਆਤਮ-ਸੁੱਖ ਚਾਕਰੀ ਵਿਚ ਹੈ, ਨਾ ਕਿ ਰੀਸ ਕਰਨ ਵਿਚ–

ਤੇਰੀ ਵਡਿਆਈ ਤੂ ਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ ॥

ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂ ਹੈ ਹੋਈ ॥

ਜਿਨਿ ਤੂੰ ਸੇਵਿਆ ਤਿਨਿ ਸੁਖੁ ਪਾਇਆ ਹੋਰੁ ਤਿਸ ਦੀ ਰੀਸ ਕਰੇ ਕਿਆ ਕੋਈ ॥...੩॥

(ਬਿਹਾਗੜੇ ਕੀ ਵਾਰ, ਪੰਨਾ ੫੪੯)



www.AKJ.Org

3: ਸਰਬ ਸ਼ਕਤੀਮਾਨ ਅਮਿੱਤ ਹੈ, ਅਮਿਤੋਜ ਹੈ, ਅਥਾਹ ਹੈ, ਅਮਾਨ ਹੈ। ਅਤੋਲ ਹੈ, ਅਮਾਪ ਹੈ (He is Immeasurable)। ਜੀਵ ਪ੍ਰਭੂ ਦੀ ਅੰਸ਼ ਹੈ, ਮੂਲ ਰੂਪ ਵਿਚ ਜੋਤੀ ਸਰੂਪ ਹੈ, ਦੈਵੀ ਗੁਣਾਂ ਦਾ ਅਧਿਕਾਰੀ ਹੈ, ਜਿਸ ਦੀ ਪ੍ਰਾਪਤੀ ਅਸੰਭਵ ਨਹੀਂ, ਪਰਮ ਜੋਤਿ ਦਾ ਹਿੱਸਾ ਹੈ; ਅਲੱਗ ਜਾਂ ਵੱਖ ਨਹੀਂ, ਜਿਵੇਂ ਕਿ 'ਬਿੰਦੂ' ਰੇਖਾ ਦਾ ਭਾਗ ਹੈ। ਜਿਵੇਂ ਬਿੰਦੂ ਰੇਖਾ ਦਾ ਅੰਗ ਹੈ, ਪਰ ਰੇਖਾ ਦਾ ਅੰਤ ਨਹੀਂ ਲੈ ਸਕਦਾ ਤਿਵੇਂ ਜੀਵ ਪ੍ਰਭੂ ਵਿਚ ਸਮਾ ਸਕਦਾ ਹੈ ਪਰ ਪੂਰਨ ਤੌਰ ਤੇ ਅਗਮ ਅਗੋਚਰ ਦੀ ਲੱਖਤਾ ਨਹੀਂ ਕਰ ਸਕਦਾ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :– ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥੨੩॥ (ਜਪੁ ਜੀ, ਪੰਨਾ ੫)

ਸੰਤ ਜਨ ਅਥਾਹ ਸਾਗਰ ਵਿਚ ਵਿਚਰਨ ਦੀ ਲੋਚਾ ਕਰਦੇ ਹਨ–

ਮਛੁਲੀ ਹੋਵਾ ਜਲਿ ਬਸਾਂ ਜੀਅ ਜੰਤ ਸਭਿ ਸਾਰਿ ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥੩॥... (ਪੰਨਾ ੧੫੭)

ਵਾਂਗ ਜੋ ਅਨੰਦ ਰਸ ਲ਼ਿਵਲੀਨ ਹੋਣ ਵਿਚ ਹੈ, ਉਹ ਅਥਾਹ ਸਾਗਰ ਦੇ ਅੰਤ ਲੈਣ ਵਿਚ ਨਹੀਂ। ਪਾਵਨ ਹੁਕਮ ਹੈ–

ਤੂ ਦਰੀਆਉ ਦਾਨਾ ਬੀਨਾ, ਮੈ ਮਛੁਲੀ ਕੈਸੇ ਅੰਤੁ ਲਹਾਂ॥
ਜਹ ਜਹ ਦੇਖਾ ਤਹ ਤਹ ਤੂ ਹੈ, ਤੁਝ ਤੇ ਨਿਕਸੀ ਫੂਟਿ ਮਰਾਂ ॥੧॥ (ਸਿਰੀਰਾਗੁ ਮ: ੧–੨੫)

ਇਹ ਨਿਗੂਣਾ ਜੀਵ, ਕਿਰਮ ਜੰਤ ਸੂਨ (ਸਿਫ਼ਰ) ਸਮਾਨ ਹੈ, ਜਿਸ ਦੀ ਹਸਤੀ ਵੱਖਰੀ ਤਾਂ ਹੈ, ਪਰ ਬਰਾਏ ਨਾਮ। ਲੰਬਾਈ, ਚੌੜਾਈ ਉਚਾਈ ਕੋਈ ਨਹੀਂ। ਇਕੱਲੇ ਦਾ ਮੁੱਲ ਸਿਫ਼ਰ ਹੈ, ਜਿਸ ਦੀ ਕਦਰ ਏਕੇ ਨਾਲ ਜੁੜਨ ਕਰਕੇ ਹੈ। ਕ੍ਰੋੜਾਂ ਅਰਬਾਂ ਸੂੰਨ ਇਕੱਠੇ ਹੋ ਕੇ ਵੀ ਨਕਾਰੇ ਹਨ, ਨਿਰਾਰਥ ਹਨ।

4: ਵਾਹਿਗੁਰੂ ਸ੍ਵੈ-ਨਿਰਭਰ ਹੈ। ਖ਼ੁਦ-ਮੁਖ਼ਤਿਆਰ ਹੈ, ਪਰ ਪੱਖਵਾਦੀ ਨਹੀਂ। ਸੈ੍ਭੰ ਹੈ, ਉਸ ਦੀ ਡੋਰੀ ਕਿਸੇ ਜੀਵ ਦੇ ਹੱਥ ਨਹੀਂ–

ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥੫॥ (ਜਪੁ ਜੀ, ਪੰਨਾ ੨)

ਉਹ ਕਿਸੇ ਦਾ ਮੁਹਤਾਜ ਨਹੀਂ, ਸੁਤੰਤਰ ਹੈ, ਕਿਸੇ ਦੀ ਕੈਦ, ਬੰਦਸ਼ ਵਿਚ ਨਹੀਂ। (He is Independent)। ਉਸ ਦੀਆਂ ਦਾਤਾਂ, ਉਸ ਦੇ ਫ਼ੈਸਲੇ, ਉਸ ਦੇ ਕਰਮ ਆਪਣੇ ਹਨ। ਉਹ ਬੇਵਜ਼ੀਰ ਹੈ, ਉਸ ਨੂੰ ਕਿਸੇ ਤੋਂ ਸਲਾਹ ਮਸ਼ਵਰਾ ਲੈਣ ਦੀ ਲੋੜ ਨਹੀਂ। ਉਹ ਅਹਿਲ ਹੈ, ਅਡੋਲ ਹੈ। ਵਾਸਤਵ ਵਿਚ ਨਿਸ਼ਪ੍ਰਭਾਵੀ ਹੈ, ਕਾਲ ਜਾਂ ਸਥਾਨ ਬਦਲਣ ਕਰਕੇ ਜਾਂ ਕਿਸੇ ਬਾਹਰਲੇ ਪ੍ਰਭਾਵ ਕਰਕੇ ਉਸ ਦੇ ਸਰੂਪ ਵਿਚ ਬਿਲਕੁਲ ਤਬਦੀਲੀ ਨਹੀਂ ਹੁੰਦੀ।

ਉਪਾਵ ਸਿਆਨਪ ਸਗਲ ਤੇ ਰਹਤ ॥ ਸਭੁ ਕਛੁ ਜਾਨੈ ਆਤਮ ਕੀ ਰਹਤ ॥੮॥੫॥ (ਪੰਨਾ ੨੬੯)

ਗੁਰੂ ਸਾਹਿਬਾਨ ਦੀਆਂ ਪਾਵਨ ਨਜ਼ਰਾਂ ਵਿਚ ਨਿਰਾਕਾਰ ਵਾਹਿਗੁਰੂ ਇਕ-ਰਸ ਹੈ, ਅਮਾਨ ਹੈ, ਅਨਿਤ ਹੈ, ਨ੍ਰਿਧੂਤੇ ਹੈ, ਅਚੱਲ ਹੈ, ਉਸ ਨੂੰ ਸੌ ਸੌ ਬਾਰ ਨਮਸਕਾਰ ਹੈ। ਉਹ ਸ਼ਤ ਅਬੰਧੇ ਹੈ, ਏਕੈ ਅਧੀਨੈ ਹੈ ਤੇ ਆਤਮ-ਬਸ ਹੈ। ਆਪਣੀ ਇੱਛਾ ਨਾਲ ਤਾਂ :–

ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥੨੬॥ (ਜਪੁ ਜੀ, ਪੰਨਾ ੬)

5. ਪਰਮਾਤਮਾ ਹਰੇਕ ਪੱਖੋਂ ਪੂਰਾ ਹੈ, ਜੀਵ ਅਧੂਰਾ ਹੈ। "ਤੂ ਪੂਰਾ ਹਮ ਊਰੇ......" (੫੯੭)। ਭੂਤ, ਵਰਤਮਾਨ ਤੇ ਭਵਿੱਖ ਵਿਚ ਲਗਾਤਾਰ ਸਥਿਰ ਰਹਿੰਦਾ ਹੈ–

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ॥੧॥

(ਜੈਤਸਰੀ ਵਾਰ ਮਹਲਾ ੫, ਪੰਨਾ ੭੦੫)

(He is Complete) ਉਸ ਵਿਚ ਨਿਰੰਤਰਤਾ ਹੈ, ਕੋਈ ਦਰਾੜ ਨਹੀਂ, ਖ਼ਾਲੀ ਜਗ੍ਹਾ ਨਹੀਂ, ਖਲਾਅ ਨਹੀਂ, ਸਰਬ-ਵਿਆਪਕ ਹੈ। ਉਸ ਤੋਂ ਕੋਈ ਭਿੰਨ ਨਹੀਂ ਹੈ। ਕੋਈ ਧਿਰ ਐਸੀ ਨਹੀਂ ਜਿਥੇ ਉਹ ਮੌਜੂਦ ਨਹੀਂ।



www.AKJ.Org

ਆਪੇ ਨੇੜੈ ਦੂਰਿ ਆਪੇ ਹੀ, ਆਪੇ ਮੰਝਿ ਮਿਆਨੋ ॥ (ਪੰਨਾ ੨੫)

ਪੂਰੇ ਕਾਦਰ ਦੀ ਕੁਦਰਤ ਵੀ ਪੂਰੀ ਹੈ । ਪਾਵਨ ਹੁਕਮ ਹੈ :-

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥੩੩॥ (ਮਹਲਾ ੧, ਪੰਨਾ ੧੪੧੨)

6. (He cannot be increased or decreased.) ਉਹ ਘਟਾਇਆ ਵਧਾਇਆ ਨਹੀਂ ਜਾ ਸਕਦਾ । ਕਾਲ ਦਾ ਚੱਕਰ ਚਲਦਾ ਹੈ, ਜ਼ਮਾਨਾ ਬਦਲਦਾ ਹੈ, ਪੁਰਾਣੇ ਪਦਾਰਥ ਬੋਸੀਦਾ ਹੋ ਕੇ ਫੱਟ ਜਾਂਦੇ ਹਨ, ਪਰ ਸੱਚ ਪੁਰਾਣਾ ਨਹੀਂ ਹੁੰਦਾ, ਉਹ ਨਿੱਤ ਨਵਾਂ ਰਹਿੰਦਾ ਹੈ । ਗਣਿਤ ਦੇ ਮੁਢਲੇ ਬੁਨਿਆਦੀ ਅਸੂਲ ਜਾਂ ਫ਼ਾਰਮੂਲੇ ਉਸ ਉੱਤੇ ਲਾਗੂ ਨਹੀਂ ਹੁੰਦੇ । ਗੁਰਬਾਣੀ ਦੁਆਰਾ :-

ਨਾ ਉਹ ਬਧੈ ਨ ਘਟਤਾ ਜਾਇ ॥ ਅਕੁਲ ਨਿਰੰਜਨ ਏਕੈ ਭਾਇ ॥੩॥ (ਪੰਨਾ ੩੪੩)

ਅਨੰਤ ਦਾ ਇਹ ਗੁਣ ਬਹੁਤ ਹੀ ਮਨੋਰੰਜਨ ਭਰਪੂਰ, ਅਮੁੱਲ ਤੇ ਸਾਰਥਕ ਹੈ । ਗੁਰੂ ਨਾਨਕ ਦੇਵ ਜੀ ਦੇ ਅਮੋਲ ਬਚਨਾਂ ਅਨੁਸਾਰ ਅਸੀਂ ਰਸਨਾ ਨਾਲ ਅਗਾਧ ਬੋਧ ਦੇ ਗੁਣ ਗਾਇ ਕੇ, ਤੇ ਸਹਸ ਸਿਆਣਪਾਂ ਦੁਆਰਾ ਪਰਮਾਤਮਾ ਦੀ ਅਥਾਹ ਸ਼ਕਤੀ ਨੂੰ ਘਟਾ ਵਧਾ ਨਹੀਂ ਸਕਦੇ । ਫ਼ੁਰਮਾਨ ਹੈ :-

ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ (ਆਸਾ ਮ: ੧, ਪੰਨਾ ੯)

ਸੰਪੂਰਨਤਾ ਦਾ ਇਹ ਵਿਸ਼ੇਸ਼ ਗੁਣ ਹੈ ਕਿ ਉਹ ਲੋੜ ਤੋਂ ਵੱਧ ਨਹੀਂ ਹੁੰਦਾ, ਜੇ ਵੱਧ ਹੋਵੇ ਤਾਂ ਫ਼ਾਲਤੂ ਚੀਜ਼ ਨੂੰ ਤਾਂ ਆਸਾਨੀ ਨਾਲ ਹਟਾਇਆ ਜਾਂ ਘਟਾਇਆ ਜਾ ਸਕਦਾ ਹੈ । ਲੋੜ ਤੋਂ ਘੱਟ ਵੀ ਨਹੀਂ, ਜੇ ਇੰਜ ਹੋਵੇ ਤਾਂ ਉਸ ਵਿਚ ਕੁਝ ਜੋੜ ਕੇ ਪੂਰਾ ਕੀਤਾ ਜਾ ਸਕਦਾ ਹੈ । ਭਾਈ ਗੁਰਦਾਸ ਜੀ ਨੇ ਅਕਾਲ ਪੁਰਖ ਨੂੰ ਘਾਟੇ ਵਾਧੇ ਦੋਹਾਂ ਤੋਂ ਨਿਰਲੇਪ ਦਸਿਆ ਹੈ :-

ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਠਾਟੁ ਬਣਾਇਆ ॥
ਪੂਰੇ ਪੂਰਾ ਤੋਲੁ ਹੈ, ਘਟੈ ਨ ਵਧੈ ਘਟਾਇ ਵਧਾਇਆ ॥
ਪੂਰੇ ਪੂਰੀ ਮਤਿ ਹੈ, ਹੋਰਸੁ ਪੁਛਿ ਨ ਮਤਾ ਪਕਾਇਆ ॥
ਪੂਰੇ ਪੂਰਾ ਮੰਤੁ ਹੈ, ਪੂਰਾ ਬਚਨ ਨ ਟਲੈ ਟਲਾਇਆ ॥
ਸਭੇ ਇਛਾਂ ਪੂਰੀਆਂ, ਸਾਧ ਸੰਗਤਿ ਮਿਲਿ ਪੂਰਾ ਪਾਇਆ ॥
ਵੀਹ ਇਕੀਹ ਉਲੰਘ ਕੈ, ਧੱਤਿ ਪਉੜੀ ਚੜਿ ਨਿਜ ਘਰਿ ਆਇਆ ॥
ਪੂਰੇ ਪੂਰਾ ਹੋਇ ਸਮਾਇਆ ॥ (ਵਾਰ ੨੬, ਪਉੜੀ ੧੬)

ਸਾਡੇ ਵਰਗੇ ਅਨੇਕਾਂ ਜੀਵਾਂ ਨੂੰ ਇਸ ਅਦੁੱਤੀ ਦੈਵੀ ਗੁਣ ਵਿਚੋਂ ਪ੍ਰੇਮ-ਭਾਵਨਾ ਤੇ ਗਿਆਨ ਧਿਆਨ ਦੀ ਝਲਕ ਦਿਖਾਈ ਨਹੀਂ ਦਿੰਦੀ, ਪਰ ਦਸਮੇਸ਼ ਪਿਤਾ ਨੇ ਅਕਾਲ ਉਸਤਤਿ ਵਿਚ ਲਿਵਲੀਨ ਹੋਇ ਕੇ, ਇਸ ਗੁਣ ਦੀ ਮਹਾਨਤਾ ਨੂੰ ਇਸ ਤਰ੍ਹਾਂ ਦੁਹਰਾਇਆ ਹੈ :-

ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤਿ ਹੈ ॥
ਨ ਘਾਟਿ ਹੈ ਨ ਬਾਢਿ ਹੈ, ਨ ਘਾਟਿ ਬਾਢਿ ਹੋਤ ਹੈ ॥
ਨ ਹਾਨ ਹੈ ਨ ਬਾਨ ਹੈ, ਸਮਾਨ ਰੂਪ ਜਾਨੀਐ ॥
ਮਕੀਨ ਔਰ ਮਕਾਨ ਅਪ੍ਰਮਾਨ ਤੇਜ ਮਾਨੀਐ ॥੧੬੬॥ (ਅਕਾਲ ਉਸਤਤਿ)

ਇਸ ਮਹਾਨ ਗੁਣ ਦੁਆਰਾ ਪ੍ਰਗਟਾਈ ਪਰਮਾਤਮਾ ਦੀ ਅੱਤ ਉੱਚ ਵਡਿਆਈ ਦਾ ਸਾਰ ਇਸ ਤਰ੍ਹਾਂ ਭੀ ਲਿਖਿਆ ਜਾ ਸਕਦਾ ਹੈ :-

**God is so Great that He remains Unchanged and Unaffected regardless of any operation on Him, it may be Mathematical or Non-Mathematical.**



www.AKJ.Org

ਅਰਥਾਤ, ਪਰਮਾਤਮਾ ਏਨਾ ਵੱਡਾ ਹੈ ਕਿ ਅਸੀਂ ਗਣਿਤੀਯ ਜਾਂ ਅਨ-ਗਣਿਤੀਯ, ਕਿਸੇ ਵੀ ਪ੍ਰਕਾਰ ਦੀ ਸੰਕ੍ਰਿਆ ਕਰੀਏ, ਉਸ ਦੀ ਅਥਾਹ ਹਸਤੀ ਵਿਚ ਕੋਈ ਪ੍ਰੀਵਰਤਨ ਨਹੀਂ ਹੁੰਦਾ।

**7.** ਵਧਦੋ ਜਾਈ (Still Increasing)। ਵਾਹਿਗੁਰੂ ਦੇ ਅਟੁੱਟ ਭੰਡਾਰ ਵਿਚ ਕਦੇ ਘਾਟਾ ਨਹੀਂ ਪੈਂਦਾ। ਜਿਸ ਨੇ ਹੇਮਕੁੰਟ ਸਾਹਿਬ ਜਾਂ ਹੋਰ ਕਿਸੇ ਪਹਾੜੀ ਅਸਥਾਨ ਦੀ ਯਾਤਰਾ ਕੀਤੀ ਹੈ, ਉਸ ਨੇ ਵੇਖਿਆ ਹੈ ਕਿ ਜਿਵੇਂ ਜਿਵੇਂ ਅਸੀਂ ਚੜ੍ਹਾਈ ਚੜ੍ਹਦੇ ਜਾਂਦੇ ਹਾ, ਪਹਾੜ ਹੋਰ ਉੱਚੇ ਦਿਖਾਈ ਦਈ ਜਾਂਦੇ ਹਨ। ਇਹ ਇਕ ਦ੍ਰਿਸ਼ਟਾਂਤ ਮਾਤ੍ਰ ਹੈ, ਨਹੀਂ ਤਾਂ ਇਸ ਪਹਾੜ ਦੀ ਚੋਟੀ ਐਵਰਸਟ ਹੈ। ਅਕਾਲ ਪੁਰਖ ਦੀ ਸੱਤਾ ਦਾ ਸਿਖਰ ਨਹੀਂ ਹੈ, ਚੋਟੀ (Climax) ਨਹੀਂ ਹੈ। ਇਸ ਵਿਚ ਚੜ੍ਹਾ ਹੀ ਚੜ੍ਹਾ ਹੈ, ਉਤਰਾਈ ਨਹੀਂ ਹੈ। ਇਸ ਮਾਰਗ ਤੇ ਚੱਲਣ ਵਾਲਾ ਚੜ੍ਹਦੀ ਕਲਾ ਵਾਲਾ ਹੁੰਦਾ ਹੈ, ਢਹਿੰਦੀ ਕਲਾ ਵਾਲਾ ਨਹੀਂ।

ਕਿੰਨੀ ਅਸਚਰਜਤਾ ਭਰੀ ਸਚਾਈ ਹੈ ਕਿ ਅਸੀਂ ਪਰਮਾਤਮਾ ਦੇ ਅਮੁੱਕ ਖ਼ਜ਼ਾਨੇ ਵਿਚੋਂ ਅਣਗਿਣਤ ਦਾਤਾਂ ਪ੍ਰਾਪਤ ਕਰਦੇ ਹਾਂ, ਪਰ ਉਸ ਦਾ ਖ਼ਜ਼ਾਨਾ ਘਟਣ ਦੀ ਬਜਾਏ ਵੱਧਦਾ ਹੈ। ਤੰਗ ਦਾਇਰੇ ਵਿਚ ਵਿਚਰਨ ਵਾਲੀ ਅਲਪੱਗ ਬੁੱਧੀ ਵਾਸਤੇ ਵਿਸ਼ਵਾਸ ਕਰਨਾ ਵੀ ਮੁਸ਼ਕਲ ਦਿਖਾਈ ਦਿੰਦਾ ਹੈ। ਗੁਰਬਾਣੀ ਦਾ ਹੁਕਮ ਹੈ :–

ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥੩੧॥

(ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੬)

**8.** ਅਕਾਲ ਪੁਰਖ ਅਖੰਡ ਹੈ, ਇਕ ਪੂਰਨ ਇਕਾਈ ਹੈ (He is Unbreakable) ਜਿਸ ਨੂੰ ਟੁਕੜਿਆਂ ਜਾਂ ਭਾਗਾਂ ਵਿਚ ਵੰਡਿਆ ਨਹੀਂ ਜਾ ਸਕਦਾ। ਏਕਾ ਸਾਰੇ ਵਿਸ਼ਵ ਭਰ ਵਿਚ ਪਸਰ ਰਹੀ ਸਾਂਝੀ ਰੱਬੀ ਜੋਤਿ ਦਾ ਸੰਕੇਤ ਹੈ। ਗੁਰੂ ਗੋਬਿੰਦ ਸਿੰਘ ਜੀ ਪ੍ਰਭੂ ਦੇ ਇਸ ਗੁਣ ਨੂੰ ਇਉਂ ਰੂਪਮਾਨ ਕਰਦੇ ਹਨ :–

ਨਮਸਤੰ ਅਛੇਦੇ ॥ ... ... ... ...<br>
ਨਮਸਤੰ ਅਗੰਜੇ ॥ ... ... ... ...<br>
ਨਮਸਤੰ ਅਭੰਜੇ ॥ ... ... ... ...

ਵਾਹਿਗੁਰੂ ਅਲੱਗ ਅਲੱਗ ਦੇਵਤਿਆਂ ਦੇ ਸਮੂਹਕ ਰੂਪ ਦਾ ਨਾਮ ਨਹੀਂ, ਨਾ ਹੀ ਬ੍ਰਹਮਾ ਬਿਸ਼ਨ ਮਹੇਸ਼ ਇਸ ਦੇ ਭਿੰਨ ਭਿੰਨ ਭਾਗ ਹਨ। ਵਾਹਿਗੁਰੂ ਆਪ ਭੰਨਣ ਘੜਨ ਸਮਰੱਥ ਹੈ। ਐਸੀ ਸਮਰੱਥਾ ਖ਼ਾਕੀ ਪਾਸ ਨਹੀਂ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਫ਼ੁਰਮਾਂਦੇ ਹਨ :–

ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥੬॥੧੪॥ (ਪੰਨਾ ੨੮੨)

ਪ੍ਰਾਚੀਨ ਭਾਰਤ ਦੇ ਇਤਿਹਾਸ ਦਾ ਅਧਿਐਨ ਸਾਨੂੰ ਝੰਜੋੜ ਕੇ ਸਮਝਾ ਰਿਹਾ ਹੈ ਕਿ ਪਰਮਾਤਮਾ ਦੇ ਟੁਕੜੇ ਕਰਨ ਨਾਲ ਨਾ-ਕੇਵਲ ਟੁਕੜਿਆਂ ਦੀ ਪੂਜਾ ਸ਼ੁਰੂ ਹੋ ਗਈ, ਬਲਕਿ ਪੂਜਾ ਕਰਨ ਵਾਲਿਆਂ ਦੇ ਵੀ ਟੁਕੜੇ ਹੋ ਗਏ।

**੯.** ਵਾਹਿਗੁਰੂ ਨਿਰਉਕਤਿ ਸਰੂਪ ਹੈ, (God is above logical approach) ਤਰਕ ਰਾਹੀਂ ਨਾ ਹੀ ਤੁਲਨਾ ਕੀਤੀ ਜਾ ਸਕਦੀ ਹੈ ਨਾ ਹੀ ਅਕਾਲ ਪੁਰਖ ਦੀ ਲੱਖਤਾ ਸੰਭਵ ਹੈ। ਅਸਥਾਨ ਜਾਂ ਦ੍ਰਿਸ਼ਟੀਕੋਣ ਬਦਲਣ ਨਾਲ ਛੋਟੀ ਵਸਤੂ ਵੱਡੀ ਦਿਖਾਈ ਦੇ ਸਕਦੀ ਹੈ। ਦੇਹਧਾਰੀ ਗੁਰੂ ਦੇ ਚੇਲੇ ਆਪਣੇ ਗੁਰੂ ਦੇ ਬਹੁਤ ਕਰੀਬ ਹੋਣ ਕਰਕੇ ਛੋਟੇ ਵੱਡੇ ਦਾ ਸਹੀ ਨਿਰਣਾ ਕਰਨ ਦੇ ਅਸਮਰੱਥ ਹੁੰਦੇ ਹਨ। ਇਹ ਤਾਂ ਦ੍ਰਿਸ਼ਟਮਾਨ ਦੀ ਗੱਲ ਹੈ, ਨਿਰਾਕਾਰ ਪਰਮਾਤਮਾ ਤੇ ਦਿੱਬ ਜੋਤੀ ਸਤਿਗੁਰੂ ਦੀ ਮਹਿਮਾ ਨੂੰ ਜਾਨਣਾ ਅਤੀ ਕਠਨ ਹੈ।

ਕਿਸੇ ਵਿਸ਼ੇਸ਼ ਧਰਮ-ਆਗੂ, ਸੰਤ-ਜਨ ਜਾਂ ਅਕਾਲ ਪੁਰਖ ਦੀ ਪ੍ਰਮੁੱਖਤਾ ਕਦੇ ਵੀ ਬਹਿਸ ਦੁਆਰਾ ਨਿਧਾਰਿਤ ਨਹੀਂ ਹੁੰਦੀ। ਵੱਖ ਵੱਖ ਦਲੀਲਾਂ ਨਾਲ ਅਲੱਗ ਅਲੱਗ ਸਿੱਟੇ ਨਿਕਲਦੇ ਹਨ। ਸੱਚਾ ਭਗਤ ਵਾਦ-ਵਿਵਾਦ ਦੇ ਚੱਕਰ ਵਿਚ ਨਹੀਂ ਪੈਂਦਾ। ਉਹ ਸਮਝਦਾ ਹੈ ਕਿ ਦਿਮਾਗੀ ਚਰਚਾ ਦੀ ਕੋਈ ਬੁਨਿਆਦ ਜਾਂ ਸਥਿਰਤਾ ਨਹੀਂ। ਪਾਵਨ ਹੁਕਮ ਹੈ :–ਕਰਤ ਕਰਤ ਚਰਚ ਚਰਚ ਚਰਚਰੀ ॥

ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥੧॥ਰਹਾਉ॥ (ਪੰਨਾ ੧੩੦੮) ✿



www.AKJ.Org

# ਗੁਰੂ ਨਾਨਕ ਦਾ ਇਕ ਮੁਸਲਮਾਨ ਸ਼ਰਧਾਲੂ

[ਪ੍ਰਿੰਸੀਪਲ ਨਾਹਰ ਸਿੰਘ ਜੀ, ਲੁਧਿਆਣਾ]

**ਸ੍ਰੀ** ਰਾਇ ਬੁਲਾਰ ਜੀ–ਸਤਿਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਪਹਿਲਾ ਸ਼ਰਧਾਲੂ ਰਾਇ ਬੁਲਾਰ ਸੀ । ਰਾਇ ਬੁਲਾਰ, ਭੱਟੀ ਗੋਤ ਦਾ ਰਾਜਪੂਤ ਮੁਸਲਮਾਨ ਸੀ, ਜੋ ਤਲਵੰਡੀ ਦੇ ਇਲਾਕੇ ਦਾ ਮਾਲਕ ਪ੍ਰਬੰਧਕ ਸੀ । ਗੁਰੂ ਨਾਨਕ ਦੇਵ ਜੀ ਦੇ ਪਿਤਾ–ਸ੍ਰੀ ਕਾਲੂ ਜੀ ਰਾਇ ਬੁਲਾਰ ਦੀਆਂ ਜ਼ਮੀਨਾਂ ਦਾ ਹਿਸਾਬ ਕਿਤਾਬ ਰੱਖਦੇ ਸਨ । ਗੁਰੂ ਨਾਨਕ ਦੇਵ ਜੀ ਦੀ ਬਾਲ ਲੀਲ੍ਹਾ ਦੇਖ ਕੇ ਹੀ ਰਾਇ ਬੁਲਾਰ ਦਾ ਨਿਸਚਾ ਪੱਕਾ ਹੋ ਗਿਆ ਕਿ 'ਨਾਨਕ' ਸਾਧਾਰਨ ਬਾਲਕ ਨਹੀਂ, ਸਗੋਂ ਇਹ ਖ਼ੁਦਾ-ਯਾਰ ਅਤੇ ਰੱਬੀ ਰਹਿਮਤਾਂ ਨਾਲ ਭਰਪੂਰ ਤੇ ਸਰਸ਼ਾਰ ਵਿਅਕਤੀ ਹੈ । ਇਕ ਦਿਨ ਰਾਇ ਬੁਲਾਰ, ਅਹਿਲਕਾਰਾਂ ਸਮੇਤ ਘੋੜਿਆਂ ਤੇ ਸਵਾਰ ਆਪਣੀਆਂ ਜ਼ਮੀਨਾਂ ਦੀ ਦੇਖ-ਭਾਲ ਕਰ ਰਿਹਾ ਸੀ । ਕੀ ਦੇਖਿਆ ਕਿ ਇਕ ਬਾਲਕ ਧੁੱਪ ਵਿਚ ਸੁੱਤਾ ਪਿਆ ਹੈ ਤੇ ਇਕ ਫਨੀਅਰ ਸੱਪ ਨੇ ਆਪਣਾ ਫਣ ਫੈਲਾ ਕੇ ਬਾਲਕ ਦੇ ਮੂੰਹ ਉਤੇ ਛਾਂ ਕੀਤੀ ਹੋਈ ਹੈ । ਸਤਿਗੁਰੂ ਗਊਆਂ ਮੱਝਾਂ ਚਾਰਦੇ ਹੋਏ ਸੌਂ ਗਏ ਸਨ । ਦਰੱਖ਼ਤ ਦੀ ਛਾਂ ਢਲ ਕੇ ਪਰੇ ਚਲੀ ਗਈ ਸੀ । ਘੋੜਿਆਂ ਦੀਆਂ ਟਾਪਾਂ ਸੁਣ ਕੇ ਫਨੀਅਰ ਅਲੋਪ ਹੋ ਗਿਆ । ਰਾਇ ਬੁਲਾਰ ਜੀ ਕੰਬਦੇ ਕੰਬਦੇ ਬਾਲਕ ਦੇ ਕੋਲ ਆਏ, ਦੇਖਿਆ ਕਿ ਸੱਪ ਨੇ ਬਾਲਕ ਨੂੰ ਡੰਗਿਆ ਨਹੀਂ, ਸਗੋਂ ਧੁੱਪ ਤੋਂ ਬਚਾਅ ਲਈ ਫਣ ਨਾਲ ਛਾਂ ਕੀਤੀ ਹੋਈ ਸੀ । ਸੋ ਨਿਸਚਾ ਹੋ ਗਿਆ ਕਿ ਇਹ ਕੋਈ ਆਮ ਬਾਲਕ ਨਹੀਂ ਹੈ । ਉਪਰੰਤ ਜੱਟ ਦੀ ਖੇਤੀ ਉਜੜਨ ਵਾਲੀ ਘਟਨਾ ਹੋਈ । 'ਸੱਚੇ ਸੌਦੇ' ਦੀ ਵਾਰਤਾ ਉਪਰੰਤ ਕਾਲੂ ਜੀ ਬਾਲਕ ਨਾਲ ਬਹੁਤ ਨਾਰਾਜ਼ ਹੋਏ ਕਿ ਰੁਪਏ ਅਜਾਈਂ ਗੁਆ ਦਿਤੇ । ਪਰ ਹਰ ਘਟਨਾ ਉਪਰੰਤ ਰਾਇ ਬੁਲਾਰ ਜੀ ਬਾਬਾ ਕਾਲੂ ਜੀ ਨੂੰ ਆਖਿਆ ਕਰਦੇ ਸਨ ਕਿ ਨਾਨਕ ਭਾਵੇਂ ਕਿੰਨਾ ਵੀ ਕੰਮ ਵਿਗਾੜ ਦੇਵੇ, ਅਜਾਈਂ ਖਰਚ ਕਰੇ, ਇਸ ਨੂੰ ਕੁਝ ਨਹੀਂ ਆਖਣਾ, ਤੁਸੀਂ ਆਪਣਾ ਹਰਜਾਨਾ ਮੈਥੋਂ ਲੈ ਲਿਆ ਕਰੋ । ਸੋ ਰਾਇ ਬੁਲਾਰ ਆਪ ਜੀ ਨੂੰ ਅਤਿਅੰਤ ਪਿਆਰ ਕਰਦੇ ਸਨ । ਉਹਨਾਂ ਨੂੰ ਪੂਰਨ ਸ਼ਰਧਾ ਹੋ ਗਈ ਕਿ ਨਾਨਕ ਖ਼ੁਦਾ ਦਾ ਨਿਵਾਜਿਆ ਹੋਇਆ ਵਿਅਕਤੀ ਹੈ ।

---

❁ ਪ੍ਰੇਮ ਭਾਵਨਾ ਤੋਂ ਖ਼ਾਲੀ ਥੋਥੀ ਬੁੱਧੀ, ਅਕਲ ਸਿਆਣਪ, ਗਿਣਤੀ, ਮਿਣਤੀ, ਅਨੁਮਾਨ, ਉਕਤਿ, ਚਤੁਰਾਈ ਸਭ ਨਿਹਫਲ ਜਾਂਦੀ ਹੈ, ਜਿਵੇਂ ਕਿ ਫ਼ੁਰਮਾਇਆ ਹੈ :–

ਕਹਨਿ ਭਵਨਿ ਨਾਹੀ ਪਾਇਓ ਪਾਇਓ ਅਨਿਕ ਉਕਤਿ ਚਤੁਰਾਈ ॥੧॥੪੭॥

(ਕਾਨੜਾ ਮਹਲਾ ੫, ਪੰਨਾ ੧੩੦੭)

ਇਸ ਦਾ ਇਕ ਕਾਰਨ ਹੈ ਕਿ ਜਿਹੜਾ ਨੇਮ ਰਚਨਾ ਤੇ ਲਾਗੂ ਹੁੰਦਾ ਹੈ, ਉਹ ਜ਼ਰੂਰੀ ਨਹੀਂ ਕਿ ਰਚਨਹਾਰ ਤੇ ਵੀ ਲਾਗੂ ਹੋਵੇ । ਸੰਸਾਰ ਹਿਸਾਬ-ਕਿਤਾਬ ਤੇ ਕਰਮਾਂ ਦੇ ਲੇਖੇ ਦੇ ਅਧੀਨ ਹੈ, ਜਦ ਕਿ ਕਰਤਾ ਅਲੇਖ ਹੈ । ਪਾਵਨ ਹੁਕਮ ਹੈ–ਤੂੰ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ ॥੨੪॥ (ਪੰਨਾ ੩੧੪)

ਸੱਚੇ ਅਲਖ ਅਪਾਰ, ਨਿਰਗੁਣ ਸਰੂਪ ਨਿਰੰਕਾਰ ਦੇ ਵਾਸਤਵਿਕ ਸਰੂਪ ਨੂੰ ਤੱਕਣਾ ਤੇ ਬਿਆਨ ਕਰਨਾ ਕੇਵਲ ਸਤਿਗੁਰੂ ਨੂੰ ਹੀ ਬਣ ਆਉਂਦਾ ਹੈ । ਅਲਪੱਗ ਜੀਵ ਨੂੰ ਤਾਂ ਅਰਦਾਸ ਕਰਨ ਦਾ ਵੀ ਢੰਗ ਨਹੀਂ ਆਉਂਦਾ ਕਿ ਆਪਣੀ ਤਰਸ ਯੋਗ ਦਸ਼ਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਕਾਲ ਪੁਰਖ ਦੇ ਚਰਨਾਂ ਵਿਚ ਪਹੁੰਚਾ ਸਕੀਏ । ਕਰੁਣਾ ਨਿਧਾਨ ਸਤਿਗੁਰੂ ਨੇ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰ ਕੇ ਬੇਚਾਰੇ ਜੀਵ ਨੂੰ ਨਿਮਾਣਾ, ਮੰਗਤਾ, ਮਸਕੀਨ ਤੇ ਆਤਮ ਸਮਰਪਣ ਕਰ ਕੇ ਕੂਕਰ ਵਾਂਗਰ ਸੱਚੇ ਦਰ ਤੇ ਢਹਿ ਕੇ ਬੇਨਤੀ ਕਰਨ ਦੀ ਜਾਚ ਦੱਸੀ ਹੈ ।

ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥
ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥੨੪॥

(ਸੂਹੀ ਮਹਲਾ ੪, ਪੰਨਾ ੭੩੬)



www.AKJ.Org

ਇਸ ਦਾ ਜਿੰਨਾ ਵੀ ਸਤਿਕਾਰ ਕੀਤਾ ਜਾਵੇ, ਥੋੜਾ ਹੈ। ਸਤਿਗੁਰਾਂ ਦੀ ਭੈਣ, ਬੇਬੇ ਨਾਨਕੀ ਜੀ ਨੂੰ ਵੀ ਇਹੋ ਵਿਸ਼ਵਾਸ ਸੀ। ਸੋ ਰਾਇ ਬੁਲਾਰ ਜੀ ਤੇ ਬੇਬੇ ਨਾਨਕੀ ਜੀ ਸਤਿਗੁਰਾਂ ਦੇ ਸਭ ਤੋਂ ਪਹਿਲੇ ਸਿੱਖ ਸ਼ਰਧਾਲੂ ਹੋਏ।

'ਮਹਾਨ ਕੋਸ਼' ਵਿਚ ਲਿਖਿਆ ਹੈ ਕਿ ਤਲਵੰਡੀ ਵਿਚ ਰਾਇ ਬੁਲਾਰ ਨੇ ਗੁਰੂ ਨਾਨਕ ਦੇਵ ਦੇ ਨਾਮ ਪੁਰ ਸਰੋਵਰ ਪੁਟਵਾਇਆ, ਇਸ ਸਰੋਵਰ ਦਾ ਨਾਮ 'ਨਾਨਕਸਰ' ਪ੍ਰਸਿੱਧ ਹੋਇਆ। ਅੱਜ ਕਲ੍ਹ ਅਨੇਕਾਂ ਹੀ ਗੁਰਦੁਆਰੇ 'ਨਾਨਕਸਰ' ਦੇ ਨਾਮ ਤੇ ਬਣੇ ਹੋਏ ਹਨ। ਸਗੋਂ ਰਾਇ ਬੁਲਾਰ ਜੀ ਨੇ ਬਾਕੀ ਅਸਥਾਨਾਂ, ਜੋ ਗੁਰੂ ਜੀ ਨਾਲ ਕਿਸੇ ਨਾ ਕਿਸੇ ਤਰ੍ਹਾਂ ਸੰਬੰਧਿਤ ਸਨ, ਦੇ ਨਾਮਾਂ ਤੇ ਵੀ ਜਾਗੀਰਾਂ ਲਾਈਆਂ, ਜੋ ਇਹਨਾਂ ਥਾਵਾਂ ਦੀ ਸੇਵਾ-ਸੰਭਾਲ ਲਈ ਪੱਕੇ ਸਾਧਨ ਬਣੀਆਂ। ਇਹਨਾਂ ਅਸਥਾਨਾਂ ਵਿਚ ਮੌਜੂਦਾ ਗੁਰਦੁਆਰਾ ਜਨਮ-ਅਸਥਾਨ, ਗੁਰਦੁਆਰਾ ਬਾਲ ਲੀਲ੍ਹਾ, ਗੁਰਦੁਆਰਾ ਮਾਲ ਜੀ ਸਾਹਿਬ ਤੇ ਗੁਰਦੁਆਰਾ ਕਿਆਰਾ ਸਾਹਿਬ ਸ਼ਾਮਲ ਸਨ। ਸਗੋਂ ਇਕ ਵਾਰ ਰਾਇ ਬੁਲਾਰ ਨੇ ਗੁਰੂ ਜੀ ਨੂੰ ਤਲਵੰਡੀ ਵਿਚ ਪੱਕੇ ਤੌਰ ਤੇ ਵਸੋਂ ਰੱਖਣ ਲਈ ਪ੍ਰੇਰਨਾ ਕੀਤੀ ਅਤੇ ਤਿੰਨਾਂ ਖੂਹਾਂ ਦੀ ਭੁਇਂ ਦੀ ਪੇਸ਼ਕਸ਼ ਕੀਤੀ। ਇਸ ਗੱਲ ਦੀ ਸਾਖੀ ਭਾਈ ਸੰਤੋਖ ਸਿੰਘ ਜੀ 'ਨਾਨਕ ਪ੍ਰਕਾਸ਼' ਪੂਰਬਾਰਧ ਵਿਚ ਇਉਂ ਕਰਦੇ ਹਨ:–

ਰਾਇ ਬੁਲਾਰ ਉਚਾਰਤ ਵਾਕ, ਕਹੋ ਸਤ ਬਾਤ ਨ ਦੂਰ ਦਸਾਲਾ॥
ਮਾਤ ਪਿਤਾ ਤੁਮਰੈ ਬਿਰਹਾਤੁਰ, ਨ ਗਵਨੁ ਬਹਿਯੈ ਨਿਜ ਸ਼ਾਲਾ॥
ਤੀਨ ਸੁ ਕੂਪ ਕੀ ਲੇਹੁ ਕ੍ਰਿਖੀ, ਰਰ ਦੇਗਹਿ ਦੀਨ ਖਵਾਤੁ ਬਿਸਾਲਾ॥
ਦੀਨਨ ਕੋ ਦੁਖ ਦੇਖ ਸਕੋ ਨਹਿ, ਯੋ ਕਹਿਯੈ ਘਰ ਬੰਸ ਕ੍ਰਿਪਾਲਾ॥

ਸੋ ਬਚਪਨ ਤੋਂ ਹੀ ਗੁਰੂ ਨਾਨਕ ਦੇਵ ਜੀ ਦੇ ਗੁਣ ਅਤੇ ਅਸਚਰਜ ਕੌਤਕ ਦੇਖ ਕੇ ਮੁਸਲਮਾਨ ਹਾਕਮ ਵੀ ਉਹਨਾਂ ਦਾ ਆਦਰ ਸਤਿਕਾਰ ਕਰਦੇ ਸਨ। ਬਾਬਾ ਕਾਲੂ ਜੀ ਦੇ ਸੁਭਾਉ ਤੇ ਵਰਤਾਉ ਨੂੰ ਮੁੱਖ ਰੱਖਦਿਆਂ ਰਾਇ ਬੁਲਾਰ ਜੀ ਨੇ ਹੀ ਇਹ ਸਲਾਹ ਦਿਤੀ ਸੀ ਕਿ ਨਾਨਕ ਜੀ ਨੂੰ ਉਹਨਾਂ ਦੇ ਜੀਜਾ ਜੀ, ਭਾਈਆ ਜੈ ਰਾਮ ਦਾਸ ਆਪਣੇ ਕੋਲ ਸੁਲਤਾਨਪੁਰ ਲੋਧੀ ਲੈ ਜਾਣ। ਰਾਇ ਬੁਲਾਰ ਤਾਂ ਗੁਰੂ ਜੀ ਦੀ ਸਾਰੀ ਸੇਵਾ-ਸੰਭਾਲ, ਆਪਣੇ ਜ਼ਿੰਮੇ ਲੈਣ ਨੂੰ ਤਿਆਰ ਸਨ, ਪਰ ਕੁਝ ਧਾਰਮਿਕ ਵਿਚਾਰ ਕਰਕੇ ਇਹ ਹੀਆ ਨਾ ਕੀਤਾ। ੧੪੮੭ ਵਿਚ ਸੁਲਤਾਨਪੁਰ ਲੋਧੀ ਵਿਚ ਰਹਿੰਦਿਆਂ ਹੀ ਬਾਬਾ ਜੀ ਦਾ ਵਿਆਹ ਬਟਾਲੇ ਦੇ ਚੋਣਾ ਖਤਰੀਆਂ ਦੀ ਪੁੱਤਰੀ (ਮਾਤਾ) ਸੁਲੱਖਣੀ ਨਾਲ ਹੋਇਆ। ਇਸ ਵਿਆਹ ਦੀ ਧੂਮ ਧਾਮ ਤੇ ਵੀ ਬਹੁਤ ਖਰਚ ਰਾਇ ਬੁਲਾਰ ਜੀ ਨੇ ਕੀਤਾ। ਗੁਰੂ ਨਾਨਕ ਚਮਤਕਾਰ ਦੇ ਕਰਤਾ ਭਾ: ਸਾ: ਭਾਈ ਵੀਰ ਸਿੰਘ ਜੀ ਵੀ ਜ਼ਿਕਰ ਕਰਦੇ ਹਨ ਅਤੇ ਗੁਰੂ ਨਾਨਕ ਨੂੰ ਦੇਖਣ ਲਈ ਰਾਇ ਬੁਲਾਰ ਦੀਆਂ ਅਖਾਂ ਦੇ ਤੁਲ ਦਰਸ਼ਨਾਂ ਲਈ ਇਉਂ ਤਰਸਦੇ ਹਨ:–

"ਹਾਂ, ਅਜ ਹੈ ਦਾਤੇ!
ਅਜ ਦੇਹ ਸਾਨੂੰ ਰਾਇ ਬੁਲਾਰ ਵਾਲੇ ਨੈਣ।
ਬਾਬੇ ਕਾਲੂ ਵਾਲੇ ਨਹੀਂ,
ਹੇ ਦਾਤੇ! ਦੇਹ ਉਹ ਨੈਣ, ਦਾਨ ਕਰ ਸਾਨੂੰ ਉਹ ਨੈਣ,
ਜੋ ਅਸੀਂ ਵੀ ਦੇਖੀਏ ਤੈਨੂੰ ਜਿਵੇਂ ਡਿੱਠਾ ਸੀ ਤੈਨੂੰ ਰਾਇ ਬੁਲਾਰ ਨੇ।"

ਸਪੱਸ਼ਟ ਹੈ ਕਿ ਸਤਿਗੁਰਾਂ ਦੇ ਤੇਜੱਸਵੀ ਅਤੇ ਤਪੱਸਵੀ ਸੁਭਾਉ ਤੇ ਵਰਤਾਉ ਨੇ ਉਹਨਾਂ ਸਮਿਆਂ ਵਿਚ ਮੁਸਲਮਾਨਾਂ ਨੂੰ ਆਪਣੀ ਵੱਲ ਖਿੱਚ ਕੇ ਮੋਹਿਤ ਕੀਤਾ ਜਦੋਂ ਕਿ ਪਠਾਣ ਰਾਜ ਧੜਾ ਧੜ ਹਿੰਦੂਆਂ ਪੁਰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਵਿਤਕਰਿਆਂ ਕਾਰਨ ਅਤਿਆਚਾਰ ਕਰ ਰਿਹਾ ਸੀ।

ਇਕ ਰਵਾਇਤ ਹੈ ਕਿ ਜਦੋਂ ਰਾਇ ਬੁਲਾਰ ਬਹੁਤ ਬਿਰਧ ਹੋ ਗਿਆ, ਤੁਰਨੋਂ ਫਿਰਨੋਂ ਆਤਰ ਹੋ ਗਿਆ ਤਾਂ ਇਕੇਰਾਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਅਭਿਲਾਸ਼ਾ ਕੀਤੀ। ਤਾਂ ਗੁਰੂ ਨਾਨਕ ਦੇਵ ਜੀ ਨੇ ਆ ਕੇ ਦਰਸ਼ਨ ਦਿਤੇ, ਠੀਕ ਉਸੇ ਤਰ੍ਹਾਂ ਜਿਵੇਂ ਬੇਬੇ ਨਾਨਕ ਜੀ ਆਪਣੇ ਵੀਰ ਨਾਨਕ ਨੂੰ ਯਾਦ ਕਰਦੇ ਤਾਂ ਸਤਿਗੁਰੂ ਕਿਤੇ ਵੀ ਹੁੰਦੇ, ਆ ਕੇ ਉਸ ਨੂੰ ਦਰਸ਼ਨ ਦਿੰਦੇ ਸਨ। ਪਿਆਰਾ ਪਿਆਰੇ ਨੂੰ ਆਪਣੇ ਵਲ ਖਿੱਚਦਾ ਹੈ, ਫਿਰ ਇਹ ਤਾਂ ਸੱਚਾ ਸੁੱਚਾ ਕੁਦਰਤੀ ਪਿਆਰ ਸੀ।



www.AKJ.Org

# ਸਜਣ ਠੱਗ ਅਜੇ ਜੀਉਂਦਾ ਹੈ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਤੁਸਾਂ ਕੀ ਕਿਹਾ, "ਸਜਣ ਠੱਗ ਅਜੇ ਮਰਿਆ ਨਹੀਂ ?" "ਹਾਂ, ਅਜੇ ਮਰਿਆ ਨਹੀਂ।" "ਪਰ ਮੈਂ ਤਾਂ ਜਨਮ ਸਾਖੀਆਂ ਵਿਚ ਅਤੇ ਗੁਰ-ਇਤਿਹਾਸ ਵਿਚੋਂ ਪੜ੍ਹਿਆ ਅਤੇ ਸੁਣਿਆ ਹੈ ਕਿ ਤੁਲੰਬੇ ਦੇ ਸ਼ੇਖ ਸਜਣ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਸ਼ਬਦ ਦੀ ਚੋਟ ਨਾਲ ਨਿਹਾਲ ਕੀਤਾ ਤੇ ਜਨਮ ਮਰਨ ਦੇ ਗੇੜ ਚੋਂ ਕੱਢ ਲਿਆ ਸੀ। ਤੁਸੀਂ ਕਿਹੜੇ ਸਜਣ ਠੱਗ ਦੀ ਗੱਲ ਕਰ ਰਹੇ ਹੋ ?"

"ਉਹ ! ਤੁਲੰਬੇ ਵਾਲਾ ਸ਼ੇਖ ਸਜਣ ਤਾਂ ਕਦੋਂ ਦਾ ਤਰ ਗਿਆ ਸੀ, ਪਰ ਮਾਫ਼ ਕਰਨਾ ਉਸ ਦੇ ਜਾਣ ਪਿਛੋਂ ਭਾਵੇਂ ਉਹ ਤਰ ਵੀ ਗਿਆ ਸੀ, ਪਰ ਅਜੇ ਭੀ ਉਸ ਨੂੰ ਸਿਖ ਪੰਥ 'ਸਜਣ ਠੱਗ' ਹੀ ਆਖਦਾ ਹੈ ਅਤੇ ਜਿਵੇਂ ਭੂਮੀਏ ਨੂੰ ਭਾਵੇਂ ਸਤਿਗੁਰਾਂ ਨੇ ਤਾਰ ਹੀ ਦਿਤਾ ਸੀ,ਪਰ ਅਜੇ ਭੀ ਉਸਨੂੰ 'ਭੂਮੀਆ ਚੋਰ'ਕਹਿ ਕੇ ਹੀ ਯਾਦ ਕੀਤਾ ਜਾਂਦਾ ਹੈ।

"ਅਤੇ, ਸਤਿਗੁਰੂ ਜਿਸਨੂੰ ਨਿਹਾਲ ਕਰ ਦੇਣ, ਉਸਨੂੰ ਸੰਸਾਰ ਫਿੱਕਾ ਫਿੱਕਾ ਲਗਣ ਲੱਗ ਜਾਂਦਾ ਹੈ। ਮੈਂ ਉਸ ਤੁਲੰਬੇ ਵਾਲੇ ਸਜਣ ਦੀ ਗੱਲ ਨਹੀਂ ਕਰ ਰਿਹਾ, ਪਰ ਉਸਦਾ ਨਾਮ ਸਦਾ ਲਈ ਸਜਣ ਠੱਗ ਦਾ ਬਿੰਬ ਬਣ ਗਿਆ ਹੈ। ਹਰ ਯੁਗ ਵਿਚ, ਹਰ ਦੇਸ ਵਿਚ, ਹਰ ਕਾਲ ਵਿਚ, ਹਰ ਸਮਾਜ ਵਿਚ, ਉਚੀ ਕੁਲ ਵਾਲੇ ਕੀ, ਤੇ ਨੀਵੀਆਂ ਜਾਂ ਮਧਮ ਜਾਤੀਆਂ ਜਾਂ ਵਰਗਾਂ ਦੇ ਲੋਕਾਂ ਅੰਦਰ ਕੀ, ਸਜਣ ਠੱਗ ਪੈਦਾ ਹੁੰਦੇ ਰਹਿੰਦੇ ਹਨ। ਉਹ ਮਰਦੇ ਹਨ ਤਾਂ ਹੋਰ ਅਨੇਕਾਂ ਜੰਮ ਪੈਂਦੇ ਹਨ। ਮੈਂ ਤਾਂ ਉਹਨਾਂ ਸਜਣ ਠੱਗਾਂ ਦੀ ਗੱਲ ਕਰ ਰਿਹਾ ਸਾਂ।"

ਇਹਨਾਂ ਦੇ ਚਰਿਤਰ ਵਿਚ ਸਰਬ ਸ੍ਰੇਸ਼ਟ "ਗੁਣ" ਇਹੋ ਹੁੰਦਾ ਹੈ ਕਿ ਇਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦੇ ਹਨ। ਅੰਦਰੋਂ ਪੱਕੇ ਸੰਸਾਰੀ ਤੇ ਮਾਇਆਧਾਰੀ, ਪਰ ਬਾਹਰੋਂ ਦਿਸਣ ਨੂੰ ਪੱਕੇ ਧਰਮੀ। ਗੁਰਬਾਣੀ ਵਿਚ ਅਜਿਹੇ ਚਰਿਤਰ ਨੂੰ ਬਗਲਾ ਜਾਂ ਮਨਮੁਖ ਕਹਿ ਕੇ ਭੀ "ਸਨਮਾਨਿਆ" ਗਿਆ ਹੈ।

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥ (ਮ: ੧, ਪੰਨਾ ੮੩੧)

ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ ਜਿਉ ਬਗੁਲ ਸਮਾਧਿ ਲਗਾਈਐ ॥੩॥੪॥ (ਪੰਨਾ ੮੯੧)

ਸਿਆਣੇ ਕਹਿੰਦੇ ਹਨ ਜਦੋਂ ਅਜਿਹੇ ਬਗਲਿਆਂ ਦੀ ਸਮਾਜ ਵਿਚ ਬਹੁ-ਗਿਣਤੀ ਹੋ ਜਾਏ ਉਦੋਂ ਕਲਿਜੁਗ ਵਰਤਿਆ ਸਮਝਣਾ ਚਾਹੀਦਾ ਹੈ।

ਦਰਅਸਲ ਗੱਲ ਇਹ ਹੈ ਕਿ ਮਨੁਖ ਜਿਉਂ ਜਿਉਂ ਰੱਬੀ-ਗਿਆਨ ਤੋਂ ਖੁੰਝ ਕੇ ਮਾਇਕ ਜਾਂ ਪਦਾਰਥਕ-ਗਿਆਨ ਵਲ ਵਧਦਾ ਹੈ, ਉਸ ਦੀ ਰੁਚੀ ਵਧੇਰੇ ਪਦਾਰਥਕ ਬਣਦੀ ਜਾਂਦੀ ਹੈ। "ਇਹ ਜਗ ਮਿੱਠਾ, ਅਗਲਾ ਕਿੰਨ ਡਿੱਠਾ ?" ਦੀ ਅਖਾਉਤ ਸਦਾ ਉਸ ਦੇ ਸਾਹਮਣੇ ਰਹਿੰਦੀ ਹੈ। ਉਹ ਲੋਕਾਂ ਦਾ ਜਸ ਖੱਟਣ ਅਤੇ ਵਾਹ ਵਾਹ ਪ੍ਰਾਪਤ ਕਰਨ ਲਈ ਧਰਮ ਕਰਮ ਆਦਿ ਰਾਹੀਂ ਪੁੰਨ ਦਾਨ ਕਰਦਾ ਦਿਸਦਾ ਹੈ, ਪਰ ਉਹ ਨਿਰਾ ਪਖੰਡ ਤੇ ਧੋਖਾ ਹੁੰਦਾ ਹੈ। ਫੁਰਮਾਨ ਹੈ:-

ਭੇਖ ਦਿਖਾਵੈ ਸਚੁ ਨ ਕਮਾਵੈ ॥ ਕਹਤੋ ਮਹਲੀ ਨਿਕਟਿ ਨ ਆਵੈ ॥
ਅਤੀਤੁ ਸਦਾਏ ਮਾਇਆ ਕਾ ਮਾਤਾ ॥ ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥੩॥੭॥ (ਪੰਨਾ ੭੩੮)

ਧਰਮ-ਕਰਮ ਦੇ ਭੁਲੇਖੇ ਪਾਉਣ ਵਾਲੇ ਅਜਿਹੇ ਪਖੰਡੀਆਂ ਬਾਰੇ ਦਸਮ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ:-

ਭੇਖ ਦਿਖਾਇ ਜਗਤ ਕੋ, ਲੋਗਨ ਕੋ ਬਸਿ ਕੀਨ ॥
ਅੰਤ ਕਾਲਿ ਕਾਤੀ ਕਟਿਓ, ਬਾਸੁ ਨਰਕ ਮੋ ਲੀਨ ॥੫੬॥ (ਬਚਿਤ੍ਰ ਨਾਟਕ, ਅਧਿ: ੬)

ਇਹਨਾਂ ਦੀਆਂ ਕਈ ਵੰਨਗੀਆਂ ਹਨ। ਇਕ ਤਾਂ ਉਹ ਹਨ ਜੋ ਅਤਿ ਦੇ ਮਨਮੁਖ **on (one extreme)** ਹਨ, ਜੋ ਉਪਰੋਂ ਧਰਮੀ ਬਣ ਕੇ ਧਰਮ-ਅਸਥਾਨਾਂ ਵਿਚ ਬੈਠ ਕੇ ਕਈ ਪ੍ਰਕਾਰ ਦੇ ਕੁਕਰਮ ਕਰਨ ਤੋਂ ਭੀ ਨਹੀਂ ਸੰਕੋਚਦੇ। ਉਹ ਆਪਣੀਆਂ ਕਾਲੀਆਂ ਕਰਤੂਤਾਂ ਕਰਕੇ ਪਵਿਤਰ ਧਰਮ-ਅਸਥਾਨਾਂ ਦੀ ਬੇਅਦਬੀਆਂ ਕਰਦੇ ਹਨ, ਅਤੇ ਫਿਰ



www.AKJ.Org

ਉਸ ਨੂੰ ਉਹ ਕੋਈ ਪਾਪ ਨਹੀਂ ਸਮਝਦੇ। ਮੱਸਾ ਰੰਘੜ ਵਰਗੇ ਨਨਕਾਣੇ ਸਾਹਿਬ ਦਾ ਮਹੰਤ ਅਤੇ ਹੋਰ ਕਈ ਇਹੋ ਜਿਹੇ ਕਠੋਰ ਹਿਰਦਿਆਂ ਵਾਲੇ ਸਜਣ ਠੱਗ ਜੰਮਦੇ ਮਰਦੇ ਫਿਰ ਫਿਰ ਜਨਮਦੇ ਰਹਿੰਦੇ ਹਨ। ਇਹੋ ਜਿਹਿਆਂ ਬਾਰੇ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ:—

ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ॥
ਗਲੀ ਜਿਨ੍ਾ ਜਪਮਾਲੀਆ, ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ॥੧॥ (ਆਸਾ ਕਬੀਰ ਜੀ, ਪੰਨਾ ੪੭੫-੭੬)

ਕਈ ਵਾਰੀ ਇਹੋ ਜਿਹੇ ਕੁਝ "ਧਰਮੀ" ਸਜਣ ਰਲ ਜਾਂਦੇ ਹਨ, ਅਤੇ ਭੋਲੇ ਭਾਲੇ ਸ਼ਰਧਾਲੂਆਂ ਨੂੰ ਮਗਰ ਲਗਾ ਲੈਂਦੇ ਹਨ। ਉਹਨਾਂ ਵਿਚੋਂ ਇਕ ਉਹਨਾਂ "ਧਰਮੀ ਸਜਣਾਂ" ਦਾ ਮੁਖੀ ਬਣ ਜਾਂਦਾ ਹੈ, ਬਾਕੀ ਦੇ ਉਸਦਾ ਪ੍ਰਚਾਰ ਕਰਦੇ ਹਨ ਕਿ ਇਹ ਤਾਂ ਸ੍ਰੀ ੧੦੮ ਹਨ, ਪਹੁੰਚੇ ਹੋਏ ਹਨ। ਦੇਖਾ-ਦੇਖੀ ਕਈ ਧਰਮ ਦੇ ਪਿਆਰੇ ਇਨ੍ਹਾਂ ਠਗਾਂ ਦੇ ਵਾੜੇ ਆ ਫਸਦੇ ਹਨ। ਇਹ ਵਡੇ ਵਡੇ ਡੇਰੇਦਾਰ ਬਾਹਰੋਂ ਤਾਂ ਬਾਰਾਂਵੰਨੀ ਦੇ ਸੋਨੇ ਵਾਂਗ ਲਿਸ਼ਕਾਂ ਮਾਰਦੇ ਦਿਖਾਈ ਦੇਂਦੇ ਹਨ, ਪਰ ਅੰਦਰੋਂ ਮਾਇਆ ਦੇ ਗ੍ਰਸੇ ਹੋਏ ਕਈ ਤਰ੍ਹਾਂ ਦੇ ਜਾਲ ਖਿਲਾਰੀ ਬੈਠੇ ਹਨ। ਕਬੀਰ ਜੀ ਸਲੋਕਾਂ ਵਿਚ ਇਨ੍ਹਾਂ ਦਾ ਚਿਤਰ ਇਉਂ ਚਿਤਰਦੇ ਹਨ—

ਬਾਹਰਿ ਕੰਚਨੁ ਬਾਹਰਾ ਭੀਤਰਿ ਭਰੀ ਭੰਗਾਰ॥੧੪੫॥

ਡੇਰੇਦਾਰ ਦਾ ਮੁਖੀ ਬਣਨ ਦਾ ਮਤਲਬ ਇਹ ਕਦੀ ਨਹੀਂ ਹੋ ਸਕਦਾ ਕਿ ਉਸਦੀ ਰੱਬ ਨਾਲ ਸਿੱਧੀ ਗੱਲਬਾਤ ਹੈ ਤੇ ਉਹ ਕੰਨ ਵਿਚ ਫੂਕਾਂ ਮਾਰ ਕੇ ਮੁਕਤੀ ਦਿਵਾ ਸਕਦੈ। ਭਾਰਤ ਵਿਚ ਇਹੋ ਜਿਹੇ ਅਨੇਕਾਂ ਸਾਧ, ਸੰਤ, ਮਹੰਤ, "ਗੁਰੂ" ਆਦਿ ਡੇਰੇ ਬਣਾਈ ਗੱਦੀਆਂ ਲਾਈ ਬੈਠੇ ਹਨ। ਭੋਲੀ ਭਾਲੀ ਲੁਕਾਈ ਅਸਲੀ ਦੇ ਭੁਲੇਖੇ ਨਕਲੀਆਂ ਦੀ ਪੂਜਾ ਅਤੇ ਸੇਵਾ ਕਰ ਰਹੀ ਹੈ। ਨਤੀਜਾ—ਨਾ ਮਾਇਆ ਮਿਲਦੀ ਹੈ ਨਾ ਰਾਮ। ਪਰ ਇਹ ਭੀ ਤਾਂ ਕਲਿਜੁਗ ਅੰਦਰ ਖਸਮ ਦਾ ਇਕ ਖੇਲ ਹੈ— ਭਾਣੈ ਉਝੜ ਭਾਣੈ ਰਾਹਾ॥੨॥੧੪॥ (ਮਾਝ ਮ: ੫, ਪੰਨਾ ੯੮)

ਪ੍ਰਸ਼ਨ ਹੈ ਇਹਨਾਂ ਅਖਉਤੀ ਸੰਤਾਂ ਜਾਂ ਜਨ-ਸਮੂਹ ਵਿਚ ਧਰਮ ਕਿਤਨੀ ਕੁ ਡੂੰਘਾਈ ਤਕ ਗਿਆ ਹੈ? ਉਤਰ ਹੈ ਮਸਾਂ (skin deep) ਚੰਮ ਤਕ। ਦਸਵੇਂ ਪਾਤਸ਼ਾਹ ਜੀ ਨੇ ਇਸ ਸਚਾਈ ਨੂੰ ਆਪਣੇ ਸਮੇਂ, ਸਤਾਰ੍ਹਵੀਂ ਸ਼ਤਾਬਦੀ ਵਿਚ, ਵੇਖ ਕੇ ਇਉਂ ਅਸਲੀਅਤ ਪ੍ਰਗਟਾਈ ਹੈ—

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ, ਦੇਖਿ ਫਿਰਿਓ ਘਰ ਜੋਗ ਜਤੀ ਕੇ॥
ਸੂਰ, ਸੁਰਾਰਦਨ, ਸੁੱਧ ਸੁਧਾਦਿਕ, ਸੰਤ ਸਮੂਹ, ਅਨੇਕ ਮਤੀ ਕੇ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ, ਕੋਊ ਨ ਦੇਖੀਅਤ ਪ੍ਰਾਨਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ, ਏਕ ਰਤੀ ਬਿਨੁ, ਏਕ ਰਤੀ ਕੇ॥

ਦਸਵੇਂ ਸਤਿਗੁਰੂ ਜੀ ਦੇ ਇਸ ਸਵਯੇ ਦਾ ਸਾਰ-ਸਿੱਟਾ ਇਹੋ ਹੈ ਕਿ ਪ੍ਰਭੂ ਦੀ ਪ੍ਰੇਮਾ ਭਗਤੀ ਤੇ ਉਸ ਦੀ ਬਖ਼ਸ਼ਸ਼ ਤੋਂ ਬਿਨਾਂ ਅਨੇਕ ਪ੍ਰਕਾਰ ਦੇ ਮਤਾਂ ਮਤਾਂਤਰਾਂ ਦੇ ਮੁਖੀ ਸਾਧੂ, ਸਿਧ-ਮੰਡਲੀਆਂ ਤੇ ਸੰਤ ਮਹੰਤ ਆਦਿ ਸਾਰੇ ਹੀ ਕੌਡੀ ਮੁਲ ਵੀ ਨਹੀਂ ਰਖਦੇ। ਇਨ੍ਹਾਂ ਸੰਤਾਂ ਸਾਧੂਆਂ ਵਾਂਗ ਅਜ ਵੀ ਅਨੇਕਾਂ ਅਜਿਹੇ "ਸਜਣ" ਜੱਥੇਬੰਦਕ ਤੌਰ ਤੇ ਵਿਚਰਦੇ ਹਨ। ਉਨ੍ਹਾਂ ਨੇ ਆਪਣਾ ਤਾਂ ਕੀ ਸੰਵਾਰਨਾ ਸੀ, ਸਗੋਂ ਭੋਲੇ ਭਾਲੇ ਲੋਕਾਂ ਨੂੰ ਨਾਲੇ ਤਾਂ ਠਗਦੇ ਹਨ ਨਾਲੇ ਉਹਨਾਂ ਦਾ ਪਰਲੋਕ ਵਿਗਾੜਦੇ ਹਨ।

ਇਕ ਹੋਰ ਸ਼੍ਰੇਣੀ ਹੈ ਜਿਸ ਨੂੰ ਕਈ ਪ੍ਰਕਾਰ ਦੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਉਹ ਹਨ ਵਖ ਵਖ ਧਰਮਾਂ ਦੇ ਵਿਦਵਾਨ ਪਰਚਾਰਕ, ਜਿਨ੍ਹਾਂ ਨੂੰ ਮਿਸ਼ਨਰੀ, ਗਿਆਨੀ, ਕਥਾਵਾਚਕ, ਲੈਕਚਰਾਰ ਆਦਿ ਨਾਵਾਂ ਨਾਲ ਸਨਮਾਨਿਆ ਜਾਂਦਾ ਹੈ। ਇਹ ਜੱਥੇਬੰਧਕ ਤੌਰ ਤੇ ਨਹੀਂ ਤੁਰਦੇ, ਇਹ ਹਮੇਸ਼ਾ ਵਿਅਕਤਗਤ, ਇਕੱਲੇ ਹੀ ਇਕ ਥਾਂ ਤੋਂ ਦੂਸਰੀ ਥਾਂ ਜਾ ਜਾ ਕੇ ਆਪਣੇ ਪ੍ਰੇਮੀਆਂ ਨੂੰ ਧਰਮ ਦੀ ਗੱਲ ਸੁਣਾਉਂਦੇ ਹਨ ਤੇ ਧਰਮੀ ਬਣਨ ਦੀ ਪ੍ਰੇਰਨਾ ਦਿੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਬਾਹਰੋਂ ਬਾਹਰੋਂ ਆਪ ਧਰਮੀ ਹੁੰਦੇ ਹਨ, ਪਰ ਲੋਕਾਂ ਨੂੰ ਧਰਮੀ ਹੋਣ ਦਾ


www.AKJ.Org

ਉਪਦੇਸ਼ ਜ਼ਰੂਰ ਕਰਦੇ ਦਿਸਦੇ ਹਨ।

ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥੭॥੫॥ (ਗਉੜੀ ਸੁਖਮਨੀ, ਪੰਨਾ ੨੬੯)

ਜਉ ਜਾਨੈ ਮੈ ਕਥਨੀ ਕਰਤਾ॥ ਬਿਆਪਾਰੀ ਬਸੁਧਾ ਜਿਉ ਫਿਰਤਾ॥੨੪॥(ਗਉੜੀ ਬਾਵਨ ਅਖਰੀ, ੨੫੫)

ਸਤਿਗੁਰਾਂ ਨੂੰ "ਐਸੇ ਸਜਣਾਂ" ਦਾ ਪੰਦਰਵੀਂ-ਸੋਲਵੀਂ ਸ਼ਤਾਬੰਦੀ ਵਿਚ ਭਲੀ ਭਾਂਤ ਪਤਾ ਸੀ, ਤਾਂ ਹੀ ਆਪ ਨੇ ਆਪਣੀ ਬਾਣੀ ਵਿਚ ਇਹਨਾਂ ਬਾਰੇ ਜ਼ਿਕਰ ਕੀਤਾ ਹੈ ਕਿ ਇਹ ਕਥਾ ਵਾਰਤਾ ਕਰਨ ਵਾਲੇ ਕੇਵਲ ਵਪਾਰੀਆਂ ਵਾਂਗ ਹੀ ਫਿਰਦੇ ਹਨ ਤੇ ਜੰਮਦੇ ਮਰਦੇ ਹਨ। ਸਿਖ ਧਰਮ ਦੇ ਇਹਨਾਂ "ਸਜਗ ਠੱਗਾਂ" ਨੂੰ ਦਸਵੇਂ ਸਤਿਗੁਰੂ ਜੀ ਨੇ ਸਤਾਰਵੀਂ ਸੱਦੀ ਦੇ ਅੰਤ ਵਿਚ ਤੇਲ ਦੇ ਕੜਾਹੇ ਵਿਚ ਤੱਲ ਕੇ ਮੁਕਾਇਆ ਸੀ। ਪਰ ਹੁਣ ਤਿੰਨ ਸੌ ਸਾਲਾਂ ਤੋਂ ਬਾਦ ਇਹਨਾਂ "ਸਜਣਾਂ" ਦੀ ਗਿਣਤੀ ਫਿਰ ਵੱਧ ਗਈ ਹੈ। ਹੋ ਸਕਦੈ ਸਤਿਗੁਰੂ ਬਹੁੜੀ ਕਰਨ ਤੇ ਇਹਨਾਂ ਦਾ ਕਿਵੇਂ ਨ ਕਿਵੇਂ "ਉਧਾਰ" ਕਰਨ।

ਅੱਜ ਕਲਿਜੁਗ ਦਾ ਪਹਿਰਾ ਇਤਨਾ ਜ਼ਬਰਦਸਤ ਹੈ ਕਿ ਆਮ ਸਾਧਾਰਨ ਮਨੁਖ, ਚਾਹੇ ਉਹ ਹਿੰਦੂ ਹੈ, ਮੁਸਲਮਾਨ ਹੈ, ਈਸਾਈ ਹੈ, ਜੈਨੀ, ਬੋਧੀ, ਸਿਖ ਜਾਂ ਕਿਸੇ ਹੋਰ ਮਤੇ ਦਾ ਹੈ, ਬਾਹਰੋਂ ਤਾਂ ਆਪਣੇ ਧਰਮ ਦੇ ਚਿੰਨ੍ਹ ਬਣਾਈ ਬੈਠਾ ਹੈ, ਪਰ ਅੰਦਰੋਂ ਖੋਖਲਾਪਨ ਮਹਿਸੂਸ ਕਰਦਾ ਹੈ। ਧਰਮ-ਅਸਥਾਨਾਂ ਅੰਦਰ ਜੋ ਗ਼ਲਤ ਤੌਰ-ਤਰੀਕੇ ਆ ਗਏ ਹਨ, ਉਹਨਾਂ ਨੂੰ ਵੇਖ ਵੇਖ ਕੇ ਜਗਿਆਸੂ, ਹੋਰ ਜ਼ਿਆਦਾ ਅਸ਼ਰਧਕ ਹੁੰਦਾ ਜਾਂਦਾ ਹੈ। ਆਪਣੇ ਧਰਮ ਤੋਂ ਪਿਛੇ ਹਟ ਰਿਹਾ ਹੈ। ਸਿਖ ਨੌਜਵਾਨ ਬੱਚੇ, "ਇਹਨਾਂ ਸਜਣਾਂ" ਦੀਆਂ ਚਾਲਾਂ ਵੇਖ ਵੇਖ ਕੇ ਗੁਰਸਿੱਖੀ ਤੋਂ ਦੂਰ ਜਾ ਰਹੇ ਹਨ। ਪਰ ਦੂਰ ਭਜਣਾ ਤਾਂ ਪਲਾਇਨਵਾਦ (escapism) ਹੁੰਦਾ ਹੈ। ਆਚਰਨਹੀਣ 'ਪਰਚਾਰਕਾਂ' 'ਸਾਧਾਂ ਸੰਤਾਂ', 'ਮਹੰਤਾਂ', 'ਡੇਰੇਦਾਰਾਂ' ਨੂੰ ਹੁਣ ਤਾਂ ਸਥਾਨਕ ਸੰਗਤਾਂ ਹੀ ਹਿੰਮਤ ਕਰ ਕੇ ਸੋਧ ਸਕਦੀਆਂ ਹਨ। ਕਬੀਰ ਜੀ ਦਾ ਕਥਨ ਹੈ :– ਸੰਤਾਂ ਮਾਨਉ, ਦੂਤਾ ਡਾਨਉ, ਇਹ ਕੁਟਵਾਰੀ ਮੇਰੀ ॥੧॥ (ਰਾਮਕਲੀ, ਪੰਨਾ ੯੬੯)

ਮੁਕਦੀ ਗੱਲ, ਗੁਰਬਾਣੀ ਵਿਚ ਅਸਲੀ ਸਜਣ ਤੇ ਨਕਲੀ ਸਜਣ ਦੀ ਪਹਿਚਾਣ ਇਉਂ ਕੀਤੀ ਗਈ ਹੈ :–

ਦਿਲਹੁ ਮੁਹਬਤਿ ਜਿੰਨ੍, ਸੇਈ ਸਚਿਆ ॥ ਜਿਨ੍ ਮਨਿ ਹੋਰੁ, ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥

(ਆਸਾ ਸੇਖ ਫਰੀਦ ਜੀ, ਪੰਨਾ ੪੮੮)

ਅੰਦਰੋਂ ਸਾਈਂ ਨਾਲ ਪ੍ਰੀਤ ਨ ਹੋਣ ਕਰਕੇ, ਮਨ ਮਾਇਆ ਦਾ ਪੱਕਾ ਪ੍ਰੇਮੀ ਬਣ ਜਾਂਦਾ ਹੈ। ਧਰਮ ਧਾਰਨ ਕਰਨਾ, ਜਾਂ ਅੰਮ੍ਰਿਤ ਪਾਨ ਕਰ ਲੈਣਾ, ਮਨ ਦਾ ਇਕ ਪ੍ਰਕਾਰ ਦਾ ਆਪਣੇ ਆਪ ਨੂੰ ਸਮਾਜਕ ਤੌਰ ਤੇ ਨੇਕ ਜ਼ਿੰਦਗੀ ਬਿਤਾਣ ਦਾ ਉਪਰਾਲਾ ਹੈ। ਪਰ ਅੱਜ ਦਾ ਆਮ ਮਨੁੱਖ ਬਾਹਰਮੁਖੀ ਹੀ ਧਰਮ ਧਾਰਨ ਕਰਦਾ ਹੈ ਅਤੇ ਜੇ ਉਹ ਕੋਈ ਵਪਾਰ ਕਰਦਾ ਹੈ ਤਾਂ ਸਮਕਾਲੀ ਪ੍ਰਚਲਤ ਮਰਯਾਦਾ ਅਨੁਸਾਰ ਝੂਠ ਬੋਲਣਾ, ਘਟ ਤੋਲਣਾ, ਨਕਲੀ ਮਾਲ ਨੂੰ ਅਸਲੀ ਕਹਿ ਕੇ ਵੇਚਣਾ ਹੀ ਉਸ ਦਾ ਬਿਓਹਾਰ ਹੁੰਦਾ ਹੈ। ਜੇ ਉਹ ਨੌਕਰੀ-ਪੇਸ਼ਾ ਹੈ ਤਾਂ ਵੀ ਉਹ ਕੰਮ ਤੋਂ ਜੀਅ ਚੁਰਾਉਂਦਾ ਹੈ, ਕਿਉਂਕਿ ਉਸ ਦਾ ਮਨ ਨੇਕ ਕਿਰਤ ਕਮਾਈ ਦੀ ਆਦਤ ਨਹੀਂ ਪਾਂਦਾ। ਗੱਲ ਗੱਲ ਵਿਚ, ਘਰ ਦਿਆਂ ਨਾਲ ਅਤੇ ਬਾਹਰ ਦਿਆਂ ਲੋਕਾਂ ਨਾਲ ਆਪਣੇ ਵਿਹਾਰ ਦਾ ਆਧਾਰ 'ਮਨਿ ਹੋਰੁ' ਤੇ 'ਮੁਖਿ ਹੋਰੁ' ਬਣਾਈ ਰਖਣਾ ਸਾਈਂ ਨਾਲੋਂ ਟੁਟੇ ਮਨ ਦਾ ਸਦੀਵੀ ਸੁਭਾਅ ਹੈ। ਕਈ ਵਾਰੀ ਇਉਂ ਲਗਦੈ ਕਿ 'ਸਜਣ ਠੱਗ' ਅਸਾਂ ਅੰਦਰ ਲੁਕਿਆ ਬੈਠਾ ਹੈ, ਜੋ ਸਾਨੂੰ ਪ੍ਰਭੂ ਪਿਤਾ ਦੀ ਰੱਚੀ ਹੋਈ ਕਾਇਨਾਤ (ਰਚਨਾ) ਨਾਲ ਝੂਠ, ਫ਼ਰੇਬ, ਧੋਖੇ ਨਾਲ ਵਰਤਣ ਲਈ ਪ੍ਰੇਰਦਾ ਹੈ। ਸਤਿਗੁਰੂ ਨਾਨਕ ਸਾਹਿਬ ਦੇ ਇਹ ਬੋਲ–

ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥ (ਸੂਹੀ ਮ: ੧–੭੨੯)

ਸਾਡੇ ਕਠੋਰ ਮਨਾਂ ਤਕ, ਇਹ ਅੰਦਰ ਵੜਿਆ ਠੱਗ ਪੁਜਣ ਹੀ ਨਹੀਂ ਦਿੰਦਾ। ਤੇ ਅਸੀਂ "ਹਉ ਠਗਵਾੜਾ ਠਗੀ ਦੇਸ।" (ਸਿਰੀ ਰਾਗੁ ਮ: ੧, ਪੰਨਾ ੨੪) ਦੇ ਵਾਸੀ ਬਣਨ ਵਿਚ ਹੀ ਖੁਸ਼ ਬੈਠੇ ਹਾਂ।



www.AKJ.Org

# ਮਹੱਤਵਪੂਰਨ ਪ੍ਰਸ਼ਨ

[ਗਿਆਨੀ ਜੰਗ ਸਿੰਘ ਜੀ, 133–ਨੰਨਾ ਕੋਹਟ, ਸੰਤਾ ਕਰੂਜ਼, ਅਮਰੀਕਾ]

ਮਿਹਰ ਦੀ ਨਦਰ ਹੋਵੇ ਤਾਂ ਸਿਮਰਨ ਹੁੰਦਾ ਹੈ ?
ਕਿ ਨਾਮ ਸਿਮਰਨ ਕੀਤਾ ਜਾਵੇ ਤਾਂ ਮਿਹਰ ਦੀ ਨਦਰ ਹੁੰਦੀ ਹੈ ?

ਇਕ ਦਿਨ ਮੈਨੂੰ ਸੈਨ-ਹੋਜ਼ੇ (ਅਮ੍ਰੀਕਾ) ਦੇ ਇਕ ਗੁਰਸਿਖ ਪ੍ਰਵਾਰ ਦੇ ਗ੍ਰਿਹ ਵਿਖੇ ਸੋਦਰ-ਸੰਧਿਆ ਗ੍ਰਿਹ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਰਦਾਸ ਕਰਨ ਉਪ੍ਰੰਤ ਗੁਰਮਤਿ ਸਿਧਾਂਤਾਂ ਬਾਰੇ ਪ੍ਰਸ਼ਨੋਤਰ ਸ਼ੁਰੂ ਹੋਏ ਤਾਂ ਸ: ਗੁਰਦਰਸ਼ਨ ਸਿੰਘ ਜੀ ਨੇ ਇਕ ਬਹੁਤ ਹੀ ਮਹੱਤਵ ਪੂਰਨ ਪ੍ਰਸ਼ਨ ਕੀਤਾ। ਉਨ੍ਹਾਂ ਨੇ ਪੁਛਿਆ, "ਗਿਆਨੀ ਜੀ, ਮਿਹਰ ਦੀ ਨਦਰ ਹੋਵੇ ਤਾਂ ਸਿਮਰਨ ਕੀਤਾ ਜਾਂਦਾ ਹੈ ਜਾਂ ਪਹਿਲਾਂ ਸਿਮਰਨ ਕਰੀਏ ਤਾਂ ਮਿਹਰ ਦੀ ਨਦਰ ਹੁੰਦੀ ਹੈ ?"

ਉਨ੍ਹਾਂ ਦਾ ਇਹ ਪ੍ਰਸ਼ਨ ਸੁਣ ਕੇ ਪਹਿਲਾਂ ਤਾਂ ਬੜਾ ਅਚੰਭਾ ਜਿਹਾ ਪ੍ਰਤੀਤ ਹੋਇਆ ਕਿ ਇਸ ਇਤਨੇ ਗੰਭੀਰ ਪ੍ਰਸ਼ਨ ਦਾ ਢੁਕਵਾਂ ਤੇ ਸਹੀ ਉਤਰ ਕੀ ਹੋ ਸਕਦਾ ਹੈ ? ਪ੍ਰੰਤੂ ਇਹੋ ਜਿਹੇ ਨਾਜ਼ਕ ਅਵਸਰ ਤੇ ਗੁਰਬਾਣੀ ਦੇ ਲੜ ਲਗੇ ਪੁਰਸ਼ਾਂ ਦਾ ਮਾਰਗ-ਦਰਸ਼ਨ ਗੁਰਬਾਣੀ ਹੀ ਕਰ ਸਕਦੀ ਹੈ। ਸੋ ਜਦ ਗੁਰਬਾਣੀ ਦੇ ਚਾਨਣ‡ ਵਿਚ ਯਾਦ-ਸ਼ਕਤੀ ਤੇ ਜ਼ੋਰ ਪਾਇਆ ਤਾਂ ਹੇਠ ਲਿਖੇ ਪ੍ਰਮਾਣ ਸਾਹਮਣੇ ਆਏ ਜਿਨ੍ਹਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅਕਾਲ ਪੁਰਖ ਵਾਹਿਗੁਰੂ ਦੀ ਜਿਸ ਗੁਰਸਿਖ ਉਤੇ ਮਿਹਰ ਦੀ ਨਦਰ ਹੁੰਦੀ ਹੈ ਉਹੀ ਨਾਮ ਸਿਮਰਨ ਵਾਲੇ ਪਾਸੇ ਤੁਰਦਾ ਹੈ :–

ਤੂ ਜਾਣਾਇਹਿ ਤਾਂ ਕੋਈ ਜਾਣੈ ॥ ਤੇਰਾ ਦੀਆ ਨਾਮੁ ਵਖਾਣੈ ॥੧॥੮॥ (ਪੰਨਾ ਪ੬੩) ਭਾਵ, ਜਿਸ ਤੇ ਉਸ ਵਾਹਿਗੁਰੂ ਦੀ ਮਿਹਰ ਹੁੰਦੀ ਹੈ ਉਸ ਨੂੰ ਮਨੁਖਾ ਜਨਮ ਦੇ ਅਸਲ ਮਨੋਰਥ: "ਆਇਓ ਸੁਨਨ ਪੜਨ ਕੋ ਬਾਣੀ ॥ ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥" (ਪੰਨਾ ੧੨੧੯)ਦੀ ਹਕੀਕਤ ਦਾ ਗਿਆਨ ਹੁੰਦਾ ਹੈ। ਇਸ ਦੀ ਪ੍ਰੋੜ੍ਹਤਾ ਲਈ ਸੁਖਮਨੀ ਸਾਹਿਬ ਦੀ ਇਹ ਪਉੜੀ ਯਾਦ ਆਈ, ਜਿਸਨੇ ਸਭ ਭਰਮ ਭੁਲੇਖੇ ਦੂਰ ਕਰ ਦਿਤੇ :–ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿ ਗੁਨ ਗਾਉ ॥

ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥
ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥
ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ ਨ ਕਿਨਹੂ ਲਇਆ ॥
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥ ਨਾਨਕ ਇਨਕੈ ਕਛੂ ਨਾ ਹਾਥ ॥੮॥੬॥*

‡ ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥੧॥੨੨॥ (ਪੰਨਾ ੬੭)

***ਸੰਪਾਦਕੀ** ਨੋਟ :—"ਨਾਮ ਸਿਮਰਨ ਪ੍ਰਭੂ ਦੀ ਬਖਸ਼ਸ਼ ਹੈ", ਗੁਰਮਤਿ ਦੇ ਇਸ ਸਿਧਾਂਤ ਤੋਂ ਮਤੇ ਇਹ ਟਪਲਾ ਲਗੇ ਕਿ ਜਦ ਸਿਮਰਨ ਪ੍ਰਭੂ ਦੀ ਬਖ਼ਸ਼ਸ਼ ਹੈ ਤਾਂ ਫਿਰ ਨਿਤ ਉਠ, ਉਪਰਾਲਾ ਕਰਨ ਦੀ ਕੀ ਲੋੜ ਹੈ ? ਇਸ ਭੁਲੇਖੇ ਤੋਂ ਬਚਣ ਲਈ ਗੁਰਬਾਣੀ ਬਾਰ ਬਾਰ ਪ੍ਰੇਰਨਾ ਦੇ ਦੀ ਹੈ :—

ੳ) ਉਦਮੁ ਕਰੇਦਿਆ ਜੀਉ ਤੂ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ (ਪ੨੨)

ਅ) ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥
ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥੧॥ ਸਲੋਕ ॥ (੪ਪ੬)

ੲ) ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥੨॥੪੭॥ (੮੧੨)

ਸ) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥੨॥ (੩੦ਪ-੬)

ਪੰਚਾਂ ਤੋਂ ਅੰਮ੍ਰਿਤ ਪ੍ਰਾਪਤ ਕਰ ਕੇ, ਨਿਤ ਅੰਮ੍ਰਿਤ ਵੇਲੇ ਆਪਣਾ ਆਪ ਜਣਾਇ ਬਿਨਾਂ, ਸਦਾ ਨਿਮਰ ਭਾਵ ਵਿਚ ਉਸ ਦੀ ਬਖ਼ਸ਼ਸ਼-ਪ੍ਰਾਪਤੀ ਲਈ ਜੁੜੇ ਰਹਿਣ ਲਈ ਉਦਮ ਕਰਦੇ ਰਹਿਣਾ ਹੈ। ਪਰ ਨਿਰੇ ਆਪਣੇ ਜਤਨ ਨਾਲ ਇਹ ਪਿਰਮ-ਪਿਆਲਾ, ਨਾਮ-ਅੰਮ੍ਰਿਤ ਦਾ ਰਸ ਪ੍ਰਾਪਤ ਨਹੀਂ ਹੋਣਾ, ਸਗੋਂ ਉਸ ਦੀ ਬਖ਼ਸ਼ਸ਼ ਹੋਣੀ ਲਾਜ਼ਮੀ ਹੈ। ਗੁਰੂ ਫੁਰਮਾਨ ਹੈ :— ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥ ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ (੧੩੭੮)



www.AKJ.Org

ਇਸ ਪ੍ਰਮਾਣ ਤੋਂ ਉਨ੍ਹਾਂ ਦੀ ਕਾਫ਼ੀ ਹੱਦ ਤਕ ਤਸੱਲੀ ਹੋ ਗਈ, ਪ੍ਰੰਤੂ ਫਿਰ ਵੀ ਕਹਿਣ ਲਗੇ, ''ਗਿਆਨੀ ਜੀ, ਤੁਹਾਡਾ ਉੱਤਰ ਬਹੁਤ ਠੀਕ ਹੈ, ਪਰ ਇਸ ਤੇ ਕੋਈ ਇਤਿਹਾਸਕ ਪ੍ਰਮਾਣ ਭੀ ਦਿਉ, ਜਿਸ ਨਾਲ ਇਸ ਪ੍ਰਸ਼ਨ ਦਾ ਉੱਤਰ ਹੋਰ ਚੰਗੀ ਤਰ੍ਹਾਂ ਹਿਰਦੇ ਵਿਚ ਵਸ ਜਾਵੇ। ਇਤਿਹਾਸ ਦੀ ਖੋਜ ਉਤੇ ਝਾਤ ਪਾਇਆਂ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਇਹ ਕਥਨ ਯਾਦ ਆ ਗਿਆ :–

ਪਹਿਲਾ ਬਾਬੇ ਪਾਯਾ ਬਖਸ ਦਰਿ ਪਿਛੋਦੇ ਫਿਰਿ ਘਾਲਿ ਕਮਾਈ ॥
ਰੇਤੁ ਅਕੁ ਆਹਾਰੁ ਕਰਿ ਰੋੜਾਂ ਦੀ ਗੁਰ ਕਰੀ ਵਿਛਾਈ ॥
ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿ ਆਈ ॥
ਬਾਬਾ ਪੈਧਾ ਸਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥
ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ ।
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥
ਚੜਿਆ ਸੋਧਣਿ ਧਰਤਿ ਲੁਕਾਈ ॥੨੪॥ (ਵਾਰ ੧)

ਇਸ ਪਉੜੀ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਉਪਰ ਅਕਾਲ ਪੁਰਖ ਦੀ ਬਖ਼ਸ਼ਸ਼ ਹੋਈ। ਉਨ੍ਹਾਂ ਨੂੰ ਅਕਾਲ ਪੁਰਖ ਨੇ ਨਾਮ ਦੀ ਦਾਤ ਬਖ਼ਸ਼ੀ ਤੇ ਹੁਕਮ ਕੀਤਾ, 'ਇਹ ਨਾਮ ਦਾ ਪਿਆਲਾ ਹੈ, ਇਸ ਨੂੰ ਪੀਓ ਤੇ ਫਿਰ ਸੜਦੇ ਬਲਦੇ ਸੰਸਾਰ ਵਿਚ ਨਾਮ ਦੀ ਦਾਤ ਵਰਤਾਓ, ਤਾਂ ਕਿ ਕਲਜੁਗ ਵਿਚ ਵੈਰ ਵਿਰੋਧ ਤੇ ਈਰਖਾ ਦਵੈਸ਼ ਦੀ ਅੱਗ ਵਿਚ ਸੜ ਰਹੇ ਲੋਕਾਂ ਦੇ ਮਨ ਸ਼ਾਂਤਿ ਹੋਣ। ਭਾਈ ਸਾਹਿਬ ਦੇ ਉਪ੍ਰੋਕਤ ਕਥਨ ਅਨੁਸਾਰ ਅਕਾਲ ਪੁਰਖ ਦੇ ਹੁਕਮ ਨੂੰ ਸਿਰ ਮੱਥੇ ਉਤੇ ਮੰਨ ਕੇ ਗੁਰੂ ਨਾਨਕ ਦੇਵ ਜੀ ਨੇ ਭਾਰੀ ਤਪੱਸਿਆ ਕੀਤੀ। ਧੁੱਪ-ਛਾਂ ਤੇ ਸੁੱਖ-ਦੁੱਖ ਦੀ ਪ੍ਰਵਾਹ ਨਾ ਕਰਦੇ ਹੋਇ ਉਨ੍ਹਾਂ ਨੇ ਬਹੁਤ ਸਾਰੇ ਦੇਸ਼ਾਂ ਦਾ ਰਟਨ ਕੀਤਾ। ਸਿੱਧਾਂ ਨੂੰ ਜੋਗੀਆਂ ਨੂੰ, ਹਰਿਦੁਆਰ ਤੇ ਜਗਨ ਨਾਥ ਪੁਰੀ ਦੇ ਪੰਡਤਾਂ ਅਤੇ ਮੱਕਾ ਸ਼ਰੀਫ਼ ਦੇ ਮੋਮਨਾਂ ਨੂੰ ਸਿੱਧੇ ਰਾਹ ਪਾਇਆ ਅਤੇ ਸਰਬ ਸਾਂਝਾ ਮਾਨਵ ਧਰਮ ਦ੍ਰਿੜ੍ਹ ਕਰਾਇਆ। ਉਨ੍ਹਾਂ ਦਾ ਉਪਦੇਸ਼ ਹੈ :–

ਏਕੋ ਧਰਮੁ ਦ੍ਰਿੜੈ ਸਚੁ ਕੋਈ ॥੪॥੩॥ (ਬਸੰਤੁ ਮਹਲਾ ੧, ਪੰਨਾ ੧੧੮੮)

ਭਾਵ, ਸਾਰੀ ਮਾਨਵਤਾ ਦਾ ਧਰਮ ਇਕ 'ਸਚੁ' ਹੈ। ਮਜ਼ਹਬ ਵਖ ਵਖ ਹੋ ਸਕਦੇ ਹਨ,ਪਰ ਧਰਮ ਇਕੋ ਹੈ। ਪ੍ਰਮਾਤਮਾ ਇਕ ਹੈ, ਇਸ ਕਰਕੇ ਸਾਰੀ ਮਾਨਵਤਾ ਲਈ ਇਕੋ ਸਾਂਝਾ ਧਰਮ ਹੈ। ਉਸ ਦੇ ਤਿੰਨ ਮੋਟੇ ਅਸੂਲ ਹਨ :– (੧) ਨਾਮ ਜਪਣਾ। (੨) ਧਰਮ ਦੀ ਕਿਰਤ ਕਰਨੀ। (੩) ਵੰਡ ਕੇ ਛਕਣਾ। ਇਨ੍ਹਾਂ ਅਸੂਲਾਂ ਉਤੇ ਹਿੰਦੂ, ਮੁਸਲਮਾਨ, ਈਸਾਈ, ਸਭ ਅਮਲ ਕਰ ਸਕਦੇ ਹਨ। ਉਨ੍ਹਾਂ ਨੂੰ ਆਪਣੇ ਮਜ਼ਹਬ ਦੇ ਮਾਨਤ ਸਿਧਾਂਤਾਂ ਵਿਰੁਧ ਕੁਝ ਨਹੀਂ ਕਰਨਾ ਪੈਂਦਾ।

''ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥'' (੬੧੧) ਦੇ ਕਥਨ ਅਨੁਸਾਰ ਜਿਥੇ ਵੀ ਗੁਰੂ ਨਾਨਕ ਦੇਵ ਜੀ ਗਏ, ਉਨ੍ਹਾਂ ਦੇ ਪਿਆਰ-ਭਿੰਨੇ ਸਰਬ-ਸਾਂਝੇ ਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਵਿਚਾਰਾਂ ਦਾ ਪ੍ਰਭਾਵ ਸਭ ਨੇ ਕਬੂਲਿਆ। ਸੁਮੇਰ ਪਰਬਤ ਉਤੇ ਚੜ੍ਹ ਕੇ ਬੈਠੇ ਸਿਧ, ਜਿਨ੍ਹਾਂ ਨੇ ਬੜੀਆਂ ਉਮਰਾਂ ਵਧਾ ਲਈਆਂ ਸਨ ਅਤੇ ਰਿੱਧੀਆਂ ਸਿਧੀਆਂ ਦੇ ਜਾਲ ਵਿਚ ਫਸੇ ਪਏ ਸਨ, ਜਦੋਂ ਗੁਰੂ ਜੀ ਨੂੰ ਮਿਲੇ ਤਾਂ ਉਨ੍ਹਾਂ ਨੇ ਗੁਰੂ ਜੀ ਦੇ ਅਨਮੋਲ ਵਿਚਾਰਾਂ ਅੱਗੇ ਸਿਰ ਝੁਕਾਂਦੇ ਹੋਇ ਇਹ ਪ੍ਰਵਾਨ ਕੀਤਾ ਕਿ ਗੁਰੂ ਨਾਨਕ ਸਭ ਤੋਂ ਵਡਾ ਹੈ–

ਸਿਧ ਬੋਲਨਿ ਸੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ ॥ [ਭਾ: ਗੁਰਦਾਸ ਜੀ ਵਾਰ ੧, ਪਉੜੀ ੪੪

ਸਿੱਧਾਂ ਦੇ ਪਾਸ ਰਿਧੀਆਂ ਸਿਧੀਆਂ ਸਨ, ਪਰ ਪ੍ਰਭੂ-ਪ੍ਰੇਮ ਤੇ ਨਾਮ ਦੀ ਸ਼ਕਤੀ ਨਹੀਂ ਸੀ। ਗੁਰਬਾਣੀ ਇਹ ਸਪੱਸ਼ਟ ਕਰਦੀ ਹੈ ਕਿ ਰਿਧੀਆਂ ਸਿਧੀਆਂ ਸਭ ਫੋਕਟ ਭਰਮ ਹਨ, ਇਨ੍ਹਾਂ ਕਰਕੇ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਮਤਿ ਦੁਆਰਾ ਕੀਤੀ ਪ੍ਰਭੂ-ਭਗਤੀ ਹੀ ਸੁਖਾਂ ਦੀ ਖਾਣ ਹੈ। ਪ੍ਰਭੂ-ਭਗਤੀ ਸਦਕਾ ਮਾਇਆ ਅਤੇ ਰਿਧੀਆਂ


www.AKJ.Org

ਸਿਧੀਆਂ ਦਾਸੀਆਂ ਹੋ ਕੇ, ਪ੍ਰਭੂ ਭਗਤਾਂ ਦੇ ਚਰਨਾਂ ਵਿਚ ਫਿਰਦੀਆਂ ਹਨ। ਗੁਰ ਫ਼ੁਰਮਾਨ–

(ੳ) ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥੧॥੧੯। (ਸਲੋਕ ਮ: ੩, ਪੰਨਾ ੫੯੩)

(ਅ) ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥੨॥
(ਗੂਜਰੀ ਮ: ੪–੪੯੨)

ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਨਾਮ-ਸਿਮਰਨ ਦੀ ਸ਼ਕਤੀ ਹੋਣ ਕਰਕੇ ਸਿੱਧਾਂ ਨੂੰ ਇਹ ਮੰਨਣਾ ਪਿਆ ਕਿ ਸੰਸਾਰ ਵਿਚ ਜਿਤਨੇ ਵੀ ਅਵਤਾਰ ਅਤੇ ਪੀਰ ਪੈਗੰਬਰ ਆਏ ਹਨ, ਗੁਰੂ ਨਾਨਕ ਉਨ੍ਹਾਂ ਵਿਚੋਂ ਸਭ ਤੋਂ ਵਡਾ ਹੈ। ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਵਾਹਿਗੁਰੂ ਨੇ ਭਗਤੀ ਦੇ ਉਹ ਭੰਡਾਰ ਬਖ਼ਸ਼ੇ ਜੋ ਸਾਰੇ ਸੰਸਾਰ ਦਾ ਕਲਿਆਣ ਕਰ ਸਕਦੇ ਹਨ। ਭਗਤੀ ਦੇ ਉਹ ਭੰਡਾਰ ਇਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਰੂਪ ਵਿਚ ਸਿੱਖਾਂ ਪਾਸ ਮੌਜੂਦ ਹਨ। ਪਰ ਸਾਰੇ ਸੰਸਾਰ ਦਾ ਕਲਿਆਣ ਉਸ ਵੇਲੇ ਹੋਵੇਗਾ ਜਦ ਸਾਰੇ ਸੰਸਾਰ ਦੀਆਂ ਬੋਲੀਆਂ ਵਿਚ ਗੁਰਬਾਣੀ ਦਾ ਪ੍ਰਕਾਸ਼ ਫੈਲਾਇਆ ਜਾਵੇਗਾ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ "ਰੂਹਾਨੀਅਤ ਦਾ ਸੂਰਜ" ਆਖਿਆ ਹੈ। ਇਸ 'ਸੂਰਜ' ਦਾ ਪ੍ਰਕਾਸ਼ ਹੀ ਸਾਰੀ ਮਾਨਵਤਾ ਦੇ ਹਿਰਦਿਆਂ ਵਿਚ ਰੂਹਾਨੀਅਤ ਦਾ ਪ੍ਰਕਾਸ਼ ਕਰ ਸਕਦਾ ਹੈ।

ਅਕਾਲ ਪੁਰਖ ਵਾਹਿਗੁਰੂ ਦੀ ਜਿਸ ਤੇ ਮਿਹਰ ਹੋਵੇ, ਉਹੀ ਸਿਮਰਨ ਕਰ ਸਕਦਾ ਹੈ, ਇਸ ਬਾਰੇ ਗੁਰਬਾਣੀ ਦੇ ਕੁਝ ਹੋਰ ਪ੍ਰਮਾਣ ਇਸ ਪ੍ਰਕਾਰ ਹਨ–

ਜਾ ਤੂੰ ਤੁਸਹਿ ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ ॥
ਜਾ ਤੂੰ ਤੁਸਹਿ ਮਿਹਰਵਾਨ ਨਉਨਿਧਿ ਘਰ ਮਹਿ ਪਾਹਿ ॥
ਜਾ ਤੂੰ ਤੁਸਹਿ ਮਿਹਰਵਾਨ ਤਾ ਗੁਰ ਕਾ ਮੰਤ੍ਰੁ ਕਮਾਹਿ ॥
ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ ॥੧॥੨॥ [ਸਲੋਕੁ ਮ: ੫–੫੧੮

ਇਸ ਸ਼ਬਦ ਵਿਚ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਸਪੱਸ਼ਟ ਕਰ ਦਿਤਾ ਹੈ ਕਿ ਜਿਸ ਉਤੇ ਅਕਾਲ ਪੁਰਖ ਤਰੁਠਦਾ ਹੈ, ਉਸਦੇ ਹਿਰਦੇ ਵਿਚ ਗੁਰਬਾਣੀ ਦਾ ਪ੍ਰਕਾਸ਼ ਕਰ ਦਿੰਦਾ ਹੈ। ਉਸਦੇ ਹਿਰਦੇ ਵਿਚ ਆਪ ਹੀ ਵਸ ਜਾਂਦਾ ਹੈ ਤੇ ਉਸ ਨੂੰ "ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ"* ਦੇ ਕਥਨ ਅਨੁਸਾਰ ਗੁਰਮੰਤ੍ਰ ਨੂੰ ਸਵਾਸ ਸਵਾਸ ਸਿਮਰਨ ਦੀ ਐਸੀ ਲਗਨ ਲਾ ਦਿੰਦਾ ਹੈ ਕਿ ਉਸ ਨੂੰ ਸਿਮਰਨ ਤੋਂ ਬਿਨਾਂ ਹੋਰ ਕੁਝ ਚੰਗਾ ਹੀ ਨਹੀਂ ਲਗਦਾ। ਉਸ ਦੀ ਮਾਨਸਕ ਅਵਸਥਾ ਇਸ ਤਰ੍ਹਾਂ ਦੀ ਹੋ ਜਾਂਦੀ ਹੈ–

ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨਾ ਭਾਇਆ ਰਾਮ ॥੭॥ (੪੫੪)

ਇਸ ਪ੍ਰਕਾਰ ਦੀਆਂ ਗੁਰਮਤਿ ਵਿਚਾਰਾਂ ਸੁਣ ਕੇ ਸ: ਗੁਰਦਰਸ਼ਨ ਸਿੰਘ ਹੋਰਾਂ ਦੀ ਤਸੱਲੀ ਹੋ ਗਈ ਕਿ ਗੁਰਬਾਣੀ ਅਨੁਸਾਰ ਦਿਤੇ ਪ੍ਰਮਾਣਾਂ ਅਨੁਸਾਰ ਨਾਮ-ਸਿਮਰਨ ਦੀ ਪ੍ਰਾਪਤੀ ਲਈ ਵਾਹਿਗੁਰੂ ਜੀ ਦੀ ਬਖ਼ਸ਼ਸ਼ ਅਤਿ ਜ਼ਰੂਰੀ ਹੈ।

ਉਪਰੋਕਤ ਕਿਸਮ ਦੇ ਹੋਰ ਵੀ ਕਈ ਪ੍ਰਸ਼ਨ ਕਈ ਹਿਰਦਿਆਂ ਵਿਚ ਉਠ ਸਕਦੇ ਹਨ। ਉਨ੍ਹਾਂ ਦੀ ਨਵਿਰਤੀ ਲਈ ਗੁਰਬਾਣੀ ਚਾਨਣ-ਮੁਨਾਰਾ ਹੈ, ਪ੍ਰਕਾਸ਼ ਰੂਪ ਹੈ। ਜੈਸੀ ਭਾਵਨਾ ਨਾਲ ਕੋਈ ਗੁਰਬਾਣੀ ਦੇ ਲੜ ਲਗਦਾ ਹੈ, ਤਿਸ ਦੀ ਵੈਸੀ ਚਾਹਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੀ ਕਰਦੇ ਹਨ–

ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥
ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥੧॥ (ਪੰਨਾ ੨੬)

"ਵਾਹੁ ਵਾਹੁ ਬਾਣੀ ਨਿਰੰਕਾਰ ਹੈ" ਦੇ ਹੁਕਮ ਅਨੁਸਾਰ ਗੁਰਬਾਣੀ ਨਿਰੰਕਾਰ ਸਰੂਪ ਹੈ, ਪਰ ਜਿਹੜੇ ਗੁਰੂ

*ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੨



www.AKJ.Org

# ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ

[ਪ੍ਰੋ: ਜੋਗਿੰਦਰ ਸਿੰਘ ਜੀ, ਮੈਂਬਰ, ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਸੰਪੂਰਨ ਪ੍ਰਤਿੱਭਾ :

ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਬਹੁ-ਪੱਖੀ ਹੈ। ਉਹ ਮੂਲ ਰੂਪ ਵਿਚ ਅਧਿਆਤਮਿਕ ਹਨ। ਜੀਵਨ ਦੇ ਹਰ ਖੇਤਰ ਵਿਚ ਉਹ ਇਕ ਰੱਬ, ਇਕ ਗੁਰੂ, ਇਕ ਧਰਮ, ਇਕ ਬਾਣੀ ਤੇ ਇਕ ਵਿਸ਼ਵਾਸ-ਅਨੁਭਵ ਪ੍ਰਤੀ ਪੂਰੀ ਤਰ੍ਹਾਂ ਦ੍ਰਿੜ੍ਹ ਰਹੇ। ਦਵੈਤ ਜਾਂ ਦਵੰਦ ਦੀ ਭਾਵਨਾ ਉਨ੍ਹਾਂ ਦੀ ਸੁਰਤਿ ਵਿਚ ਵੀ ਨਹੀਂ ਸੀ; ਮਤਿ, ਮਨਿ ਬੁਧਿ ਤੇ ਸੁਧਿ ਵਿਚ ਵੀ ਨਹੀਂ ਸੀ। ਉਹ ਜਿਸ ਸਥਿਤੀ ਵਿਚ ਤੇ ਜਿਸ ਸਥਾਨ ਉਤੇ ਰਹੇ, ਉਹ ਪ੍ਰਭੂ-ਪ੍ਰਮੇਸ਼ਰ ਨਾਲ ਇਕ-ਰੂਪਤਾ ਤੇ ਇਕ-ਸੁਰਤਾ ਦੇ ਰੰਗ ਵਿਚ ਰਹੇ। ਇਹੀ ਕਾਰਨ ਹੈ ਕਿ ਜੀਵਨ ਦੇ ਹਰ ਖੇਤਰ ਵਿਚ ਵਿਚਰਦਿਆਂ ਵੀ ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਦਾ ਵਿਆਪਕ ਪ੍ਰਭਾਵ 'ਇਕ ਬਾਬਾ ਅਕਾਲ ਰੂਪ' ਹੀ ਰਿਹਾ। ਅਕਾਲ ਰੂਪ ਵਰਗਾ ਹੋਣਾ ਜਾਂ ਪ੍ਰਭੂ-ਪ੍ਰਮੇਸ਼ਰ ਦੇ ਹੁਕਮ ਵਿਚ ਸਦਾ ਸੱਚ-ਨਾਮ ਤੇ ਸਹਿਜ-ਰੰਗ ਵਿਚ ਜੀਊਣਾ, ਇਹ 'ਸੰਪੂਰਨ' ਹੋਣ ਦੀ ਪਛਾਣ ਹੈ।

ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਕੇਵਲ ਅਧਿਆਤਮਿਕ ਪੱਖੋਂ ਹੀ ਨਹੀਂ, ਸਗੋਂ ਸਰਬ ਪਖੋਂ ਸੰਪੂਰਨ ਸੀ। ਉਨ੍ਹਾਂ ਦਾ ਗੁਰਬਾਣੀ ਵਿਚਲਾ ਸਾਰਾ ਚਿੰਤਨ; ਸਿੱਖ ਇਤਿਹਾਸ ਵਿਚ ਮੂਰਤੀਮਾਨ ਹੋਇਆ ਸਾਰਾ ਜੀਵਨ-ਕਰਮ; ਸਮਕਾਲੀ ਧਾਰਮਿਕ ਸਮਾਜਕ ਤੇ ਰਾਜਨੀਤਕ ਸਥਿਤੀਆਂ ਉਤੇ ਪਿਆ ਪ੍ਰਭਾਵ ਤੇ ਆਇਆ ਪਰਿਵਰਤਨ; ਮਾਨਵ-ਜੀਵਨ ਨੂੰ ਦੇਵਤਾ ਸਿਰਜਨ ਲਈ ਦਿੱਤਾ ਸਚਿਆਰ ਗਾਡੀ ਰਾਹ, ਇਹ ਸਾਰੇ ਤੱਥ ਸਾਖੀ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਹੀ ਨਹੀਂ, ਸਗੋਂ ਜੀਵਨ ਵਿਚ ਕੀਤਾ ਹਰ ਕਰਮ ਤੇ ਬੋਲਿਆ ਹਰ ਬਚਨ ਸੰਪੂਰਨਤਾ ਦੀ ਮੁਹਰ-ਛਾਪ ਵਾਂਗ ਹੈ। ਇਹੀ ਕਾਰਨ ਹੈ, ਕਿ ਪੰਜ ਸੌ ਸਾਲ ਬੀਤ ਜਾਣ ਪਿਛੋਂ ਵੀ ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਇਕ 'ਆਦਰਸ਼ ਪ੍ਰਤਿੱਭਾ' ਦੇ ਰੂਪ ਵਿਚ ਪਰਵਾਨ ਵੀ ਹੈ ਅਤੇ ਸਗਲੇ ਜੁਗ-ਅੰਤਰਿ ਪਹਿਲੇ ਨਾਲੋਂ ਵੱਧ ਪ੍ਰਗਟ ਤੇ ਉਜਾਗਰ ਵੀ ਹੈ।

ਕੂੜ ਅਮਾਵਸ :

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਵੇਲੇ ਸਾਰਾ ਹਿੰਦੁਸਤਾਨ ਅਤੇ ਹਿੰਦੁਸਤਾਨ ਤੋਂ ਬਾਹਰ ਜਾ ਕੇ ਦੇਖਿਆ ਕਿ 'ਮਨੁੱਖਤਾ' ਵਰਨਾਂ, ਜਾਤਾਂ, ਰੂਪਾਂ-ਰੰਗਾਂ, ਜਨਮ-ਕਰਮਾਂ, ਬੋਲੀਆਂ ਅਤੇ ਸਭਿਆਚਾਰਾਂ ਕਾਰਨ ਵੰਡੀ ਹੋਈ ਸੀ। ਨਾ ਏਕਤ ਸੀ, ਨਾ ਇਕ ਦੂਜੇ ਨਾਲ ਪਿਆਰ ਅਤੇ ਸਤਿਕਾਰ ਸੀ। ਨਿੰਮ੍ਰਤਾ, ਮਿੱਠਤ, ਸੇਵਾ, ਉਪਕਾਰ ਵਰਗੇ ਦੈਵੀ ਗੁਣ ਖੰਭ ਲਾ ਕੇ ਉਡ ਚੁਕੇ ਸਨ। ਹਰ ਪਾਸੇ ਹਉਮੈ-ਹੰਕਾਰ, ਵੈਰ-ਵਿਰੋਧ, ਵੰਡੀਆਂ-

---

ਜੋ ਸਿਖ ਗੁਰੂ ਕੇ ਹੁਕਮ 'ਸਤਿ ਸਤਿ ਕਰਿ' ਮੰਨਦੇ ਹਨ, ਉਨ੍ਹਾਂ ਨੂੰ ਸਤਿਗੁਰੂ ਪਰਤੱਖ ਹੋ ਕੇ ਸ਼ੰਕਿਆਂ ਤੋਂ ਮੁਕਤ ਕਰ ਦਿੰਦੇ ਹਨ–

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੈ ॥੫॥੪॥ (ਪੰਨਾ ੯੮੨)

ਅਰਥਾਤ–ਸਤਿਗੁਰੂ (ਧੁਰੋਂ ਆਈ) ਬਾਣੀ ਉਚਾਰਦਾ ਹੈ, ਉਪਦੇਸ਼ ਕਰਦਾ ਹੈ, ਅਤੇ ਜਿਹੜਾ ਸੇਵਕ ਜਨ ਉਸ ਹੁਕਮ ਨੂੰ ਪੂਰਨ ਸ਼ਰਧਾ ਸਹਿਤ ਮੰਨਦਾ ਹੈ, ਉਸ ਨੂੰ ਸਤਿਗੁਰੂ ਪਰਤੱਖ ਤੌਰ ਤੇ ਸੰਸਿਆਂ ਤੋਂ ਛੁਟਕਾਰਾ ਦਿਵਾਂਦਾ ਹੈ।

ਸੋ ਗੁਰਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੋ-ਕਾਮਨਾ ਤੀਰਥ ਹੋਣ ਕਰਕੇ ਸਾਨੂੰ ਹਰ ਸਮੇਂ ਚਾਨਣਾ ਬਖ਼ਸ਼ਦੀ ਹੈ। ਫਿਰ ਵੀ ਜੇ ਕੋਈ ਸ਼ੰਕਾ ਅਸੀਂ ਨਵਿਰਤ ਨਾ ਕਰ ਸਕੀਏ ਤਾਂ ਕਿਸੇ ਗੁਰੂ-ਵਰੋਸਾਏ ਨਾਮ-ਅਭਿਆਸੀ ਸੂਝਵਾਨ ਗੁਰਸਿਖ ਤੋਂ ਸੋਝੀ ਲੈ ਸਕਦੇ ਹਾਂ।



www.AKJ.Org

ਵਿਤਕਰੇ, ਲੋਭ-ਲਾਲਚ ਤੇ ਗ਼ੁਲਾਮੀ ਦੀ ਭਾਵਨਾ ਪ੍ਰਚੰਡ ਸੀ। ਧਾਰਮਕ, ਸਮਾਜਕ, ਰਾਜਨੀਤਕ ਤੇ ਸਭਿਆਚਾਰਕ–ਸਾਰੇ ਪਾਸੇ ਲੋਕਾਈ ਸੜ ਰਹੀ ਸੀ। ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦੇ ਭਾਵ ਦੀਵਾ ਲੈ ਕੇ ਢੂੰਡਿਆਂ ਵੀ ਨਹੀਂ ਲਭਦੇ ਸਨ। ਪਰਜਾ ਤੋਂ ਲੈ ਕੇ ਰਾਜੇ ਤਕ ਹਰ ਪਾਸੇ ਕੂੜ ਦਾ ਪਸਾਰਾ ਸੀ। ਸੱਚ ਕਹਿਣ ਦੀ ਦਲੇਰੀ ਤੇ ਸ਼ਕਤੀ ਕਿਸੇ ਕੋਲ ਵੀ ਨਹੀਂ ਸੀ। ਕੂੜ ਅਮਾਵਸ ਇੰਨੇ ਜ਼ੋਰ ਵਿਚ ਸੀ ਕਿ ਸੱਚ-ਚੰਦਰਮਾ ਪ੍ਰਕਾਸ਼ਮਾਨ ਸੀ, ਪਰ ਹਿੰਦੁਸਤਾਨ ਇੰਨਾ ਡਰ ਚੁਕਿਆ ਸੀ ਕਿ ਕਿਸੇ ਅੰਦਰ ਇੰਨੀ ਜੁਰਅੱਤ ਹੀ ਨਹੀਂ ਸੀ ਕਿ ਸੱਚ-ਚੰਦਰਮਾ ਦੇ ਪ੍ਰਕਾਸ਼ ਨੂੰ ਵੇਖ ਕੇ, ਉਹ ਕਹਿ ਸਕੇ ਕਿ ਚੰਦਰਮਾ ਚੜ੍ਹਿਆ ਹੈ। ਨਿਸਚੇ ਹੀ ਭਾਰਤੀ ਜੀਵਨ ਵਿਚ ਹਨੇਰਾ ਹੀ ਹਨੇਰਾ ਸੀ।

ਸੂਰਜ ਨਿਕਲਿਆ :

ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਧਰਤੀ ਦੇ ਹਰ ਮਨੁੱਖ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਰੁਸ਼ਨਾਈ ਦਾ ਸੂਰਜ ਚੜ੍ਹਿਆ ਹੈ, ਜਿਵੇਂ ਧਰਮ ਤੋਂ ਸਖਣੀ ਜੀਵਨ-ਉਜਾੜ ਵਿਚ 'ਸਿੰਘ-ਸੂਰਮਾ' ਬੁਕਿਆ ਹੈ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਬਿਨਾਂ ਕਿਸੇ ਡਰ ਤੇ ਦੁਆਰਿਆਂ ਦੇ ਝਗੜਿਆਂ ਤੋਂ ਆਜ਼ਾਦ ਹੋ ਕੇ, ਬ੍ਰਾਹਮਣ, ਕਾਜ਼ੀ, ਜੋਗੀ, ਸ਼ੂਦਰ, ਗ਼ਰੀਬ, ਗੱਲ ਕੀ, ਹਰ ਵਰਨ ਤੇ ਹਰ ਵਰਗ ਦੇ ਮਨੁੱਖਾਂ ਨੂੰ ਮਿਲੇ। ਉਹਨਾਂ ਸਭ ਨੂੰ ਆਖਿਆ ਕਿ ਪ੍ਰਮੇਸ਼ਰ ਦੇ ਬੰਦੇ ਹੋ ਕੇ ਏਕਤਾ ਤੇ ਪਿਆਰ ਵਿਚ ਜੀਉ। ਕੋਈ ਵਡਾ ਨਹੀਂ, ਕੋਈ ਛੋਟਾ ਨਹੀਂ, ਕੋਈ ਅਮੀਰ ਨਹੀਂ, ਕੋਈ ਗਰੀਬ ਨਹੀਂ। ਸਭ ਨੂੰ ਬਰਾਬਰਤਾ ਤੇ ਆਜ਼ਾਦੀ ਦਾ ਅਧਿਕਾਰ ਦਿਉ। ਨਾ ਕਿਸੇ ਕੋਲੋਂ ਡਰੋ ਅਤੇ ਨਾ ਕਿਸੇ ਨੂੰ ਡਰਾਉ। ਨਿਸਚੇ ਹੀ ਕਲਿ-ਤਾਰਕ ਤੇ ਮਰਦਿ-ਕਾਮਿਲ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਸੱਚ, ਪਿਆਰ, ਅਣਖ ਤੇ ਆਜ਼ਾਦੀ ਦਾ ਇਕ ਐਸਾ ਮਾਰਗ-ਦਰਸ਼ਨ ਦਿਤਾ, ਜਿਸ ਨਾਲ ਵੈਰ-ਵਿਰੋਧ ਦਾ ਵਾਤਾਵਰਣ, ਪ੍ਰੇਮ ਤੇ ਸਦਭਾਵਨਾ ਵਿਚ ਬਦਲਣ ਲੱਗਾ।

ਵਿਦਰੋਹ ਦੀ ਭਾਵਨਾ :

ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਵਿਚ ਵਿਦਰੋਹ ਦੀ ਭਾਵਨਾ ਬੜੀ ਪ੍ਰਚੰਡ ਹੈ। ਵਿਦਰੋਹ ਵਿਚ ਵਿਰੋਧ ਜਾਂ ਰੱਜਵਾਂ ਰੋਹ ਹੈ–ਖ਼ਾਸ ਕਰਕੇ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਭੇਖਾਂ-ਪਾਖੰਡਾਂ, ਰੀਤਾਂ-ਰਸਮਾਂ ਅਨਿਆਂ ਤੇ ਜ਼ੁਲਮ ਪ੍ਰਤੀ। ਗੁਰੂ ਨਾਨਕ ਦੇਵ ਜੀ ਸਦਾ ਸੱਚ ਤੇ ਤੱਤ-ਸਾਰ ਨਾਲ ਜੁੜੇ ਰਹੇ। ਜੋ ਉਹਨਾਂ ਅਨੁਭਵ ਕੀਤਾ, ਉਹੀ ਉਹਨਾਂ ਕਰਮ ਤੇ ਬੋਲ ਰਾਹੀਂ ਪ੍ਰਗਟ ਕੀਤਾ। ਜਿਥੇ ਕਿਤੇ ਵੀ ਉਹਨਾਂ ਕੋਈ ਧਾਰਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਦੋਸ਼ ਵੇਖਿਆ, ਉਸ ਉਤੇ ਕਿੰਤੂ ਕੀਤਾ, ਉਸ ਦੇ ਸੁਧਾਰ ਲਈ ਰਾਹ ਦਿੱਤਾ, ਉਸ ਨੂੰ ਲੋੜ ਅਨੁਸਾਰ ਖੁਲ੍ਹ ਕੇ ਜਾਂ ਮੱਧਮ ਵਿਧੀ ਨਾਲ ਭੰਡਿਆ। ਰਾਜਾ ਤੋਂ ਲੈ ਕੇ, ਬ੍ਰਾਹਮਣ-ਕਾਜ਼ੀ ਤਕ, 'ਦੋਸ਼ੀ-ਸ਼ੁਣੀ' ਕੋਈ ਵੀ ਸੀ, ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਨੇ ਉਸ ਨੂੰ ਨਾ ਕੋਈ ਛੋਟ ਦਿਤੀ ਹੈ ਅਤੇ ਨਾ ਹੀ ਲਿਹਾਜ਼ ਕੀਤਾ ਹੈ। ਇਥੋਂ ਤਕ ਕਿ ਜਿਹੜੇ ਕਰਮ-ਅਧਿਕਾਰੀ ਆਲੋਚਨਾ ਤੋਂ ਸਦਾ ਪਰੇ ਮੰਨੇ ਜਾਂਦੇ ਸਨ, ਉਹ ਵੀ ਗੁਰੂ ਨਾਨਕ ਦੇਵ ਜੀ ਦੀ ਆਲੋਚਨਾ ਦੇ ਪਾਤਰ ਬਣੇ। ਭਾਰਤੀ ਭਗਤੀ ਲਹਿਰ ਵਿਚ ਬ੍ਰਾਹਮਣਾਂ ਤੇ ਧਾਰਮਕ ਅਤਿਆਚਾਰਾਂ ਵਿਰੁੱਧ ਆਲੋਚਨਾ ਤਾਂ ਮਿਲਦੀ ਹੈ, ਪਰ ਰਾਜਸੀ ਤੇ ਸਮਾਜਕ ਜ਼ਿੰਦਗੀ ਵਿਚ ਜੋ ਅਨਿਆਂ ਅਤੇ ਜ਼ੁਲਮ ਹੋ ਰਿਹਾ ਸੀ, ਉਸ ਬਾਰੇ ਲੱਗ ਪਗ ਸਾਰੇ ਭਗਤ ਤੇ ਸਾਰੀ ਭਗਤੀ-ਲਹਿਰ ਚੁੱਪ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰੀ ਭਾਰਤੀ ਲਹਿਰ ਵਿਚ ਹੀ ਨਹੀਂ, ਸਗੋਂ ਅਧਿਆਤਮਿਕ ਜਗਤ ਵਿਚ ਸੱਚ ਨੂੰ ਸੱਚ ਤੇ ਰਾਜਿਆਂ ਨੂੰ ਕਸਾਈ ਕਹਿਣ ਦੀ ਅਦੁੱਤੀ ਦਲੇਰੀ ਦਾ ਪ੍ਰਗਟਾਵਾ ਕੀਤਾ :

ੳ) ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥ (ਤਿਲੰਗ ਮ: ੧, ਪੰਨਾ ੭੨੩)

ਅ) ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥੨॥੨੨॥ (ਵਾਰ ਮਲਾਰ, ਮ: ੧, ੧੨੮੮)

ੲ) ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥੧॥੧੬॥ (ਵਾਰ ਮਾਝ, ਮ: ੧, ਪੰਨਾ ੧੪੫)

ਸਹੀ ਅਰਥਾਂ ਵਿਚ ਇਹ ਵਿਦਰੋਹ ਦੀ ਭਾਵਨਾ ਇੰਨੀ ਸਿਧਾਂਤਕ ਤੇ ਸਾਰਥਿਕ ਸੀ ਕਿ ਸਹਿਜ-ਸੁਭਾ ਹਰ ਕਿਸੇ ਨੂੰ ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਕਰਾਂਤੀਕਾਰੀ ਭਾਸਦੀ ਸੀ। ਇਸ ਕਰਾਂਤੀਕਾਰੀ ਪ੍ਰਤਿੱਭਾ ਕਾਰਨ ਹੀ



www.AKJ.Org

ਬਾਬਰ ਬਾਦਸ਼ਾਹ ਨੇ ਗੁਰੂ ਨਾਨਕ ਦੇਵ ਜੀ ਨੂੰ ਜੇਲ੍ਹ ਦੀ ਚਾਰ-ਦੀਵਾਰੀ ਵਿਚ ਬੰਦ ਕੀਤਾ ਸੀ। ਗੁਰੂ ਨਾਨਕ ਦੇਵ ਜੀ ਜੇਲ੍ਹ ਵਿਚ ਰਹੇ, ਜਾਂ ਜੇਲ੍ਹੋਂ ਬਾਹਰ, ਪੰਜਾਬ ਜਾਂ ਸਾਰੇ ਹਿੰਦੁਸਤਾਨ ਵਿਚ ਵਿਚਰੇ, ਇਹ ਸਪੱਸ਼ਟ ਹੈ ਕਿ ਉਹਨਾਂ ਦੀ ਪ੍ਰਤਿੱਭਾ ਸਦਾ ਨਿਰਭਉ ਤੇ ਨਿਰਵੈਰ ਰਹੀ।

ਵਿਲੱਖਣਤਾ ਤੇ ਮੌਲਿਕਤਾ :

ਗੁਰੂ ਨਾਨਕ ਦੇਵ ਜੀ ਜੀਵਨ ਤੇ ਜਗਤ ਦੇ ਸਰਬ-ਖੇਤਰਾਂ ਵਿਚ ਵਿਚਰਦੇ ਵੀ ਰਹੇ ਤੇ ਕਾਵਿ-ਬਾਣੀ ਰਾਹੀਂ ਆਪਣੇ ਅਨੁਭਵ, ਵਿਚਾਰ, ਪ੍ਰਤੀਕਰਮ ਤੇ ਵਿਸ਼ਵਾਸ ਵੀ ਪ੍ਰਗਟ ਕਰਦੇ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ, ਖ਼ਾਸ ਕਰ ਕੇ 'ਗੁਰੂ ਨਾਨਕ ਦੇਵ ਜੀ ਦੀ ਬਾਣੀ' ਉਹਨਾਂ ਦੀ ਪ੍ਰਤਿੱਭਾ ਦਾ ਹੀ ਸੰਪੂਰਨ ਪ੍ਰਕਾਸ਼ ਹੈ। ਜਿਉਂ ਜਿਉਂ ਗੁਰੂ ਨਾਨਕ-ਬਾਣੀ ਦਾ ਪਾਠ, ਦਰਸ਼ਨ ਤੇ ਦੀਦਾਰ ਕੀਤਾ ਜਾਂਦਾ ਹੈ, ਸਹਿਜੇ ਹੀ ਅੰਤਰ-ਬੋਧ ਵਿਚ ਸਪੱਸ਼ਟ ਹੁੰਦਾ ਜਾਂਦਾ ਹੈ ਕਿ ਜੀਵਨ ਤੇ ਜਗਤ-ਖੇਤਰਾਂ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਵਿਚੋਂ ਪ੍ਰਕਾਸ਼ਮਾਨ ਹੋਇਆ ਹਰ ਅਨੁਭਵ, ਵਿਚਾਰ, ਪ੍ਰਤੀਕਰਮ ਤੇ ਵਿਸ਼ਵਾਸ ਵਿਲੱਖਣ ਵੀ ਹੈ ਤੇ ਮੌਲਿਕਤਾ ਨਾਲ ਸ਼ਿੰਗਾਰਿਆ ਹੋਇਆ ਵੀ ਹੈ। ਕੁਝ ਉਦਾਹਰਣ ਹਾਜ਼ਰ ਹਨ :–

1) ਜਗਨਨਾਥ ਦੇ ਮੰਦਰ ਵਿਚ ਕੀਤੀ ਜਾਂਦੀ 'ਆਰਤੀ' ਨੂੰ ਵੇਖ ਕੇ 'ਆਰਤੀ' ਦਾ ਜੋ ਅਧਿਆਤਮਿਕ ਸੰਕਲਪ ਚਿੰਨ੍ਹਾਤਮਿਕ ਸਰੂਪ ਤੇ ਸਾਰਥਿਕ ਮਹੱਤਵ "ਗਗਨ ਮੈ ਥਾਲੁ" ਵਾਲੇ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੇ ਉਲੀਕਿਆ ਹੈ, ਉਹ ਵਿਚਾਰ ਤੇ ਵਿਸ਼ਵਾਸ ਪੱਖੋਂ ਹੀ ਨਹੀਂ, ਸਗੋਂ ਬੋਲੀ ਤੇ ਸ਼ੈਲੀ ਪੱਖੋਂ ਵੀ ਵਿਲੱਖਣਤਾ ਤੇ ਮੌਲਿਕਤਾ ਦਾ ਪ੍ਰਮਾਣ ਹੈ।

2) ਇਸਤ੍ਰੀ ਨੂੰ ਬਘਿਆੜ ਤੇ ਵਾਸ਼ਨਾਵਾਂ ਦਾ ਘੁਣ ਕਹਿ ਕੇ ਜਿਵੇਂ ਮਰਦ-ਸ਼੍ਰੇਣੀ ਤ੍ਰਿਸਕਾਰ ਜਾਂ ਭੰਡ ਰਹੀ ਸੀ, ਉਸ ਇਸਤ੍ਰੀ ਪ੍ਰਤੀ ਗੁਰੂ ਨਾਨਕ ਦੇਵ ਜੀ ਦਾ ਪ੍ਰਤੀਕਰਮ ਬਿਲਕੁੱਲ ਵਿਲੱਖਣ ਤੇ ਮੌਲਿਕ ਹੈ। ਗੁਰੂ ਨਾਨਕ ਦੇਵ ਜੀ ਦੇ ਬੋਲ ਹਨ :–

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥੨॥੧੯॥ (ਆਸਾ ਦੀ ਵਾਰ ਮ: ੧, ਪੰਨਾ ੪੭੩)

ਅਰਥਾਤ, ਇਸਤ੍ਰੀ ਨੂੰ ਮੰਦਾ ਕਹਿ ਕੇ ਕਿਉਂ ਭੰਡਦੇ ਹੋ ? ਉਹ ਤਾਂ ਰਾਜਿਆਂ ਨੂੰ ਜਨਮ ਦੇਣ ਵਾਲੀ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਪ੍ਰਤੀਕਰਮ ਇਸਤ੍ਰੀ-ਇਤਿਹਾਸ ਵਿਚ ਕੇਵਲ ਮੌਲਿਕ ਹੀ ਨਹੀਂ, ਸਗੋਂ ਸਿਰਜਨਾਤਮਿਕ ਵੀ ਹੈ।

3) ਧਾਰਮਿਕ ਤੇ ਸਮਾਜਕ ਆਗੂ ਦਾ ਆਮ ਸੁਭਾ ਹੁੰਦਾ ਹੈ ਕਿ ਉਹ ਆਪਣੀ ਹਉਮੈ ਤੇ ਪੂਜਾ-ਪ੍ਰਤਿਸ਼ਟਾ ਨੂੰ ਕਾਇਮ ਰੱਖਣ ਵਾਸਤੇ ਜੀਵਨ-ਵਿਧੀਆਂ ਤੇ ਸਥਿਤੀਆਂ ਨਾਲ ਸਮਝੌਤਾ ਕਰ ਜਾਂਦੇ ਹਨ। ਉਹ ਸਮਾਜ ਨੂੰ ਸੁਧਾਰਨ ਜਾਂ ਬਦਲਣ ਦੀ ਹਿੰਮਤ ਜਾਂ ਦਲੇਰੀ ਨਹੀਂ ਕਰਦੇ। ਸਾਰੀ ਭਗਤੀ ਤੇ ਸੰਤ-ਲਹਿਰ ਸਾਖੀ ਹੈ ਕਿ ਉਹ ਸਮਾਜ ਨਾਲ ਸਮਝੌਤਾ ਕਰ ਕੇ ਆਪਣੇ ਭਗਤੀ-ਅਨੁਭਵਾਂ ਤੇ ਵਿਸ਼ਵਾਸਾਂ ਨੂੰ ਮੂਰਤੀਮਾਨ ਕਰਦੀ ਹੈ। ਕਿਸੇ ਕੋਲ ਵੀ ਸਮਾਜ ਨੂੰ ਸੁਧਾਰਨ ਤੇ ਸਥਿਤੀਆਂ ਨੂੰ ਵਿਗਾੜਨ ਵਾਲੇ ਨੂੰ ਸੋਧਣ ਦੀ ਦਲੇਰੀ ਨਹੀਂ। ਪਰ ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਚਰਿੱਤਰ 'ਸੋਧਣ' ਦੀ ਸਮਰੱਥਾ ਤੇ ਦਲੇਰੀ ਨਾਲ ਜੁੜਿਆ ਹੋਇਆ ਹੈ। ਨਾ ਉਹ ਬਾਬਰ ਬਾਦਸ਼ਾਹ ਦੀ ਪਰਵਾਹ ਕਰਦੇ ਹਨ ਅਤੇ ਨਾ ਹੀ ਕੌਡੇ ਰਾਖ਼ਸ਼, ਸੱਜਣ ਠੱਗ, ਭੂਮੀਏ ਚੋਰ ਤੇ ਹੰਕਾਰੀ ਵਲੀ ਕੰਧਾਰੀ ਦੀ। ਹਰ ਦੋਸ਼ੀ ਨੂੰ ਦੋਸ਼ ਦਾ ਅਹਿਸਾਸ ਕਰਾ ਕੇ ਸੋਧਿਆ ਹੀ ਨਹੀਂ, ਸਗੋਂ ਉਸ ਨੂੰ ਇਕ ਸਚਿਆਰ ਤੇ ਆਦਰਸ਼ਕ ਸੱਜਣ ਬਣਾ ਕੇ ਜੀਵਨ ਤੇ ਸਮਾਜ ਦੇ ਸਰਬਪੱਖੀ ਪਤਨ ਵਿਰੁੱਧ, ਸਦਾ ਸੰਘਰਸ਼ੀ ਰਹਿ ਕੇ, ਜੂਝ-ਮਰਨ ਦੇ ਅਮਲ ਦਾ ਪ੍ਰਗਟਾਅ ਕਰਨ ਦਾ ਜਥੇਬੰਦਕ ਜਜ਼ਬਾ ਵੀ ਦਿੱਤਾ ਹੈ। ਸੀਸ ਦੇਣ, ਬੰਦ ਬੰਦ ਕਟਾਣ, ਖੋਪਰੀਆਂ ਲੁਹਾਣ, ਚਰਖੜੀਆਂ ਉਤੇ ਚੜ੍ਹ ਜਾਣ ਤੇ ਆਰਿਆਂ ਨਾਲ ਆਪਣੇ ਆਪ ਨੂੰ ਚਿਰਾਣ ਦੀ 'ਜਥੇਬੰਦਕ ਦਲੇਰੀ' ਧਾਰਮਿਕ ਤੇ ਸਮਾਜਕ ਇਤਿਹਾਸ ਵਿਚ, ਇਹ ਕੇਵਲ ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਦੀ ਹੀ ਵਿਲੱਖਣ ਤੇ ਮੌਲਿਕ ਪ੍ਰਾਪਤੀ ਹੈ।

ਨਿਸਚੇ ਹੀ ਗੁਰੂ ਨਾਨਕ ਦੇਵ ਜੀ ਦੀ ਪ੍ਰਤਿੱਭਾ ਸਰਬ-ਪੱਖੀ, ਸੰਪੂਰਨ ਤੇ ਮੌਲਿਕ ਪ੍ਰਤਿੱਭਾ ਵੀ ਹੈ ਤੇ 'ਜੀਵਨ' ਨੂੰ ਹਰ ਪੱਖੋਂ ਸੋਧ ਕੇ, ਸਮੇਂ ਦਾ ਹਾਣੀ ਬਣਾ ਕੇ, ਇਕ ਸਫਲ, ਸੰਪੂਰਨ, ਸ਼ਕਤੀਸ਼ਾਲੀ ਤੇ ਆਦਰਸ਼ਕ ਰੂਪ ਪ੍ਰਦਾਨ ਕਰਨ ਵਿਚ, ਇਕ ਮਹਾਨ ਯੁੱਗ-ਪੁਰਸ਼ ਤੇ ਯੋਗਦਾਨੀ ਦਾ ਪ੍ਰਤੀਕ ਵੀ ਹੈ।



www.AKJ.Org

# ਕਲਿ ਤਾਰਣਿ ਗੁਰੁ ਨਾਨਕ ਆਇਆ

[ਸ: ਸੰਗਤ ਸਿੰਘ ਹੀਰਾ, ਡੀ 237, ਨਹਿਰੂ ਵਿਹਾਰ, ਦਿੱਲੀ—7]

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਸ ਸਮੇਂ ਇਸ ਸੰਸਾਰ ਵਿਚ ਹੋਇਆ ਜਦ ਇਸ ਸੰਸਾਰ ਵਿਚ ਪਾਪਾਂ ਦਾ ਜ਼ੋਰ ਸੀ, ਆਪਾ-ਧਾਪੀ ਮੱਚੀ ਹੋਈ ਸੀ, ਭਰਾ-ਭਰਾ ਦਾ ਵੈਰੀ ਸੀ, ਹਾਕਮ "ਉਲਟੀ ਵਾੜ ਖੇਤ ਕਉ ਖਾਈ"* ਦੀ ਨੀਤੀ ਤੇ ਚਲ ਰਹੇ ਸਨ। ਮਜ਼ਲੂਮ ਜ਼ੁਲਮ ਦੀ ਚੱਕੀ ਵਿਚ ਪਿਸਦੇ ਹੋਏ "ਆਹ" ਭਰਦਿਆਂ ਵੀ ਡਰਦੇ ਸਨ। "ਗੁਰ ਬਿਨੁ ਘੋਰ ਅੰਧਾਰ" ਛਾਇਆ ਹੋਇਆ ਸੀ।

ਅਜਿਹੇ ਸਮੇਂ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ ਅਵਤਾਰ ਧਾਰਿਆ, ਅਕਾਲ ਪੁਰਖ ਨੇ ਮਜ਼ਲੂਮਾਂ ਦੀ ਪੁਕਾਰ ਸੁਣ ਕੇ ਗੁਰੂ ਨਾਨਕ ਦੇਵ ਜੀ ਨੂੰ ਇਸ ਸੰਸਾਰ ਵਿਚ ਭੇਜਿਆ—

ਸੁਣੀ ਪੁਕਾਰਿ ਦਾਤਾਰੁ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥ ... ...
ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰੁ ਨਾਨਕ ਆਇਆ ॥੨੩॥ (ਭਾਈ ਗੁਰਦਾਸ ਜੀ, ਵਾਰ ੧)

ਅਤੇ— ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥ (ਵਾਰ ੧, ਪਉੜੀ ੨੭)

ਗੁਰੂ ਸਾਹਿਬ ਨੇ ਇਸ ਸੰਸਾਰ ਵਿਚ ਆ ਕੇ ਸਾਰੀ ਧਰਤੀ ਵਲ ਨੀਝ ਲਾ ਕੇ ਵੇਖਿਆ ਤਾਂ ਸਾਰੀ ਧਰਤੀ ਪਾਪਾਂ ਦੇ ਭਾਹ ਹੇਠ ਦਬੀ ਹਉਮੈ ਦੀ ਅਗਨੀ ਵਿਚ ਸੜਦੀ ਵੇਖੀ —

ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ ॥੨੪॥ (ਵਾਰ ੧)

ਦੇਸ਼-ਵਾਸੀ, ਹਮਲਾਵਰਾਂ ਦੇ ਜ਼ੁਲਮ ਤੋਂ ਇੰਨੇ ਸਹਿਮੇ ਹੋਏ ਸਨ ਕਿ ਉਹ ਆਪਣੀ ਅਣਖ ਗੁਆ ਕੇ ਅਤੇ ਆਪਣੀ ਸਭਿਤਾ ਛਡ ਛਡਾ ਕੇ, ਹਾਕਮਾਂ ਨੂੰ ਖੁਸ਼ ਕਰਨ ਲਈ ਆਪਣਾ ਪਹਿਰਾਵਾ ਤੇ ਆਪਣੀ ਬੋਲੀ ਆਦਿ ਨੂੰ ਵੀ ਛਡ ਬੈਠੇ ਸਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਧਰਮੋਂ ਕੁਧਰਮੀ ਹੋਏ ਬੇਅਣਖਿਆਂ ਨੂੰ ਸਿਰ ਚੁਕ ਕੇ ਤੁਰਨ ਲਈ ਵੰਗਾਰਿਆ ਕਿ ਤੁਸੀਂ ਕੀ ਕਰ ਰਹੇ ਹੋ :—

ੳ) ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥੨॥੧੩॥ (ਮ: ੧, ਪੰਨਾ ੪੭੦)
ਅ) ਘਰਿ ਘਰਿ ਮੀਆ ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ ॥੬॥ (ਬਸੰਤੁ ਮ: ੧—੧੧੯੧)
ੲ) ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥੩॥੮॥ (ਧਨਾਸਰੀ ਮ: ੧—੬੬੩)
ਸ) ਅੰਤਰਿ ਪੂਜਾ ਪੜਹਿ ਕਤੇਬਾਂ ਸੰਜਮੁ ਤੁਰਕਾ ਭਾਈ ॥੧॥੧੬॥ (ਸਲੋਕ ਮ: ੧, ਪੰਨਾ ੪੭੧)

ਫਿਰ ਉਸ ਵੇਲੇ ਦੇ ਹਿੰਦੂਆਂ ਤੇ ਬ੍ਰਾਹਮਣਾਂ ਆਦਿ ਦੇ ਧਰਮ ਕਰਮ ਦੇ ਪਖੰਡ ਦਾ ਪਾਜ ਖੋਲ੍ਹਦਿਆਂ ਆਖਿਆ :—

ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾਂ ਖਾਈ ॥੧॥੧੬॥
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨਾ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥੨॥੧੬॥ (ਪੰਨਾ ੪੭੧-੭੨)

ਇਸ ਤਰ੍ਹਾਂ ਜਗਤ ਵਿਚੋਂ "ਸਰਮੁ ਧਰਮੁ ਦੁਇ ਛਪਿ ਖਲੋਏ"‡ ਸਨ ਅਤੇ "ਕੂੜੁ ਫਿਰੈ ਪਰਧਾਨੁ" ਵਾਲੀ ਅਵਸਥਾ ਪੈਦਾ ਹੋ ਚੁਕੀ ਸੀ। ਕਿਧਰੇ ਵੀ ਸੱਚ-ਧਰਮ ਦਾ ਪ੍ਰਕਾਸ਼ ਨਹੀਂ ਸੀ, ਚਹੁੰ ਪਾਸੇ ਕੂੜ ਦੀ ਅਮਾਵਸ ਛਾਈ ਹੋਈ ਸੀ :—

ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ ॥

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੦ ‡ਤਿਲੰਗ ਮਹਲਾ ੧, ਪੰਨਾ ੭੨੨


[ਬਾਕੀ ਸਫ਼ਾ ੩੦ ਦੇ ਹੇਠ]


www.AKJ.Org

# ਬਲੀ-ਬਲਵਾਨ ਨਾਨਕ

[ਸ. ਅਤਰ ਸਿੰਘ ਜੀ 'ਨੀਰ', 62, ਸੈਨਿਕ ਵਿਹਾਰ, ਦਿੱਲੀ-34]

ਮੇਰੇ ਸਤਿਗੁਰੂ ਸੋਹਣੇ ਗੁਰੂ ਨਾਨਕ, ਤੇਰੇ ਕੀਤੇ ਹੋਏ ਕਿਹੜੇ ਕਮਾਲ ਦਸਾਂ !
ਤੇਰੇ ਜੀਵਨ ਦੀ ਦਿਤੀ ਹੋਈ ਰੌਸ਼ਨੀ ਚੋਂ, ਢੂੰਡ ਢੂੰਡ ਕੇ ਕਿਵੇਂ ਇਸਤਕਲਾਲ ਦਸਾਂ !
ਪ੍ਰੇਮ, ਸਾਈਂ ਲਈ ਬਿਹਬਲਤਾ, ਤੜਪ ਨਿਘੀ, ਧੁਰ ਬਾਣੀ ਦੀ ਰੌਸ਼ਨ ਮਿਸਾਲ ਦਸਾਂ !
ਸੂਰਮਗਤੀ, ਨਿਡਰਤਾ, ਸਵੈਮਾਣ, ਹਿੰਮਤ, ਅਣਖ, ਹੌਸਲਾ, ਬੱਲ ਵਿਸ਼ਾਲ ਦਸਾਂ !
ਕਿਵੇਂ ਭੰਡਿਆ ਕੂੜ ਨੂੰ ਜੱਗ ਅੰਦਰ, ਕਿਵੇਂ ਸੱਚ ਨੂੰ ਪ੍ਰਗਟ ਸੰਸਾਰ ਕੀਤਾ।
ਜੋ ਕੁਝ ਕੀਤਾ ਡੰਕੇ ਦੀ ਚੋਟ ਕੀਤਾ, ਸਾਹਮਣੇ ਸਭ ਦੇ ਵਿਚ ਬਜ਼ਾਰ ਕੀਤਾ।

ਮਨ ਵਿਚ ਭੈ ਨ ਕਿਸੇ ਦਾ ਕੋਈ ਰਖਿਆ, ਮੰਨਿਆ ਕਿਸੇ ਦਾ ਉਚਾ ਨ ਦਰ ਕੋਈ।
ਭਾਵੇਂ ਬਾਦਸ਼ਾਹ ਸਾਰੇ ਹੀ ਦੇਸ਼ ਦਾ ਏ, ਭਾਵੇਂ ਵਡੇ ਤੋਂ ਵਡਾ ਧਰਮੀ ਨਰ ਕੋਈ।
ਦਗਾ ਫਰੇਬ ਅਨਿਆਂ ਖ਼ਿਲਾਫ਼ ਡਾਢੀ ਜੁਰਅੱਤ ਨਾਲ ਮਾਰੀ ਸੱਟ ਭਰ ਕੋਈ।
ਭਾਈਚਾਰੇ ਸਮਾਜ ਦੀ ਚਿੰਤ ਕੋਈ ਨ, ਤਾਜ ਤਖ਼ਤ ਦਾ ਜਾਤਾ ਨ ਡਰ ਕੋਈ।
ਸੂਰਬੀਰਤਾ, ਬਹਾਦਰੀ ਅਡੱਕ ਤੇਰੀ, ਬਾਂਹ ਬੁਲੰਦ ਕਰ ਕੱਚ ਨੂੰ ਕੱਚ ਕਹਿਆ।
ਖੰਡਨ ਕੂੜ ਪਖੰਡ ਦਾ ਰੱਜ ਕੀਤਾ, ਨਾਲ ਦ੍ਰਿੜ੍ਹਤਾ ਸੱਚ ਨੂੰ ਸੱਚ ਕਹਿਆ।

ਭਰੀ ਸਭਾ ਵਿਚ ਪੰਡਤ ਦੀ ਬਾਂਹ ਫੜ ਲਈ, ਕੱਚੇ ਧਾਗੇ ਦੀ ਮੈਨੂੰ ਨ ਲੋੜ ਕੋਈ।
ਛਡੋ ਭੇਖ ਤੇ ਪਕੜੋ ਸੱਚ, ਦਇਆ; ਜੋੜੋ ਸਤਿ ਸੰਤੋਖ ਦਾ ਜੋੜ ਕੋਈ।
ਧਰਮ ਰਾਹ ਹੈ ਅਸਲ ਵਲ ਜਾਵਣੇ ਦਾ, ਕਾਹਨੂੰ ਪਾਂਦੇ ਹੋ ਇਸ ਵਿਚ ਮੋੜ ਕੋਈ।
ਕੱਚਾ ਥਿਰ ਨਹੀਂ, ਕਦੇ ਨ ਟਿਕਣਾ ਏ, ਨਹੀਂ ਸੱਚ ਸਲਾਮਤ ਨੂੰ ਥੋੜ ਕੋਈ।
ਮਲਕ ਭਾਗੋ ਨੂੰ ਨਿੰਦਿਆ ਨਾਲ ਹਿੰਮਤ, ਮਾੜੇ ਧਨ ਦਾ ਬਣਿਆ ਮਾਲ ਤਕ ਕੇ।
ਸੁਚੀ ਕਿਰਤ ਦਾ ਮਾਣ ਸਤਿਕਾਰ ਕੀਤਾ, ਲਾਲੋ ਤਰਖਾਣ ਦਾ ਕੋਧਰਾ ਸਾਗ ਛਕ ਕੇ।

ਮੱਕੇ ਪਾਕ ਖ਼ੁਦਾ ਦੇ ਘਰ ਅੰਦਰ, ਇਕੱਲਿਆਂ ਪਕੜੇ ਜਾ ਮੁਸਲਮਾਨ ਤਕੜੇ।
ਲੱਤਾਂ ਕਾਬੇ ਵਲ ਕਰ ਕੇ ਆਖਿਆ ਏ, ਭੁਲਿਓ, ਭੁਲੇ ਹੋ ਕਿਹੜੇ ਖ਼ਿਆਲ ਤਕੜੇ।
ਰੱਬ ਹਰ ਥਾਂ, ਹਰ ਤਰਫ਼ ਵਸਦਾ ਏ, ਸੁਣੋ ਸੁਣੋ ਆਵਾਜ਼ ਕੰਨਾਂ ਨਾਲ ਤਕੜੇ।
ਸੱਚ ਨਿਖਰਿਆ, ਮੱਕਾ ਭੌਂ ਗਿਆ, ਨਿਕਲੇ, ਤੋੜ ਕੇ ਕੂੜਾਂ ਦੇ ਜਾਲ ਤਕੜੇ।
ਇਸੇ ਤਰ੍ਹਾਂ ਹੀ ਮਾਰਿਆ ਜਾ ਛਾਪਾ, ਪੰਡਤਾਂ ਹਿੰਦੂਆਂ ਦੇ ਪਵਿਤਰ ਹਰਦੁਆਰ ਅੰਦਰ।
ਪਾਣੀ ਸੂਰਜ ਦੇ ਉਲਟ ਸਿਟ ਭਰਮ ਖੋਲ੍ਹੇ, ਇਕ ਇਕੱਲੇ ਨੇ ਕਈ ਹਜ਼ਾਰ ਅੰਦਰ।

ਕੁਰੂਕਸ਼ੇਤਰ ਸੂਰਜ-ਗ੍ਰਹਿਣ ਉਤੇ, ਲਖਾਂ ਯਾਤਰੀ ਕਰਨ ਇਸ਼ਨਾਨ ਆਏ।
ਰਾਜੇ ਰਾਣੀਆਂ ਫੌਜਾਂ ਸਮੇਤ ਆਏ, ਸ਼ਾਸਤਰ ਪੜ੍ਹਦੇ ਕਈ ਵਿਦਵਾਨ ਆਏ।
ਐਨੀ ਭੀੜ ਮਹਾਨ ਚਿ ਬਿਨਾਂ ਸੈਨਾ, ਇਕੱਲੇ ਨਾਨਕ ਜੀ ਯੋਧੇ ਬਲਵਾਨ ਆਏ।
ਫ਼ੌਜ ਵਹਿਮਾਂ ਤੇ ਭਰਮਾਂ ਦੀ ਦਲ ਸੁਟੀ, ਗੁਰੂ-ਸ਼ਬਦ ਦੇ ਮਾਰਦੇ ਬਾਣ ਆਏ।
ਕੈਦ ਕਰਨ ਵਾਲੇ, ਕੈਦੀ ਬਣੇ ਆਪੇ, ਐਸੇ ਸ਼ਹਿਨਸ਼ਾਹਾਂ ਦਾ ਸ਼ਾਹ ਸੁਲਤਾਨ ਨਾਨਕ।
ਝੁਕਿਆ ਬਾਦਸ਼ਾਹ ਬਾਬਰ ਜੇਲ੍ਹ ਆ ਕੇ, ਮੈਨੂੰ ਬਖ਼ਸ਼ ਲਉ ਮੇਰੇ ਰਹਿਮਾਨ ਨਾਨਕ।



www.AKJ.Org

ਮਾਰਿਆ ਪੰਜਾ ਹੰਕਾਰ- ਦੀ ਹਿਕ ਉਤੇ, ਪਹਾੜ ਕਰੋਧ ਦਾ ਪਾਟ ਕੇ ਲੀਰ ਹੋਇਆ।
ਵਲ ਵਲੀ ਦੇ ਕੱਢ ਮਰੋੜ ਸਿਟੇ, ਵਗਿਆ ਨੀਰ ਵਾਂਗੂ ਸਿਧਾ ਤੀਰ ਹੋਇਆ।
ਜੋਗੀ ਕੰਦਰਾਂ ਚਿ ਲੁਕੇ ਝੰਜੋੜ ਆਂਦੇ, ਜੰਤਰਾਂ ਮੰਤਰਾਂ ਦੇ ਸੀਨੇ ਚੀਰ ਹੋਇਆ।
ਰਖਿਆ ਭਗਤੀ ਤੇ ਸ਼ਕਤੀ ਨੂੰ ਹੱਥ ਅੰਦਰ, ਐਸਾ ਕਰਮ-ਯੋਗੀ ਨਾਨਕ ਬੀਰ ਹੋਇਆ।
ਲੜਿਆ ਅਗਿਆਨ ਕੁਰੀਤੀਆਂ ਵਿਰੁਧ ਡੱਟ ਕੇ, ਉਜਾਗਰ ਸੱਚ ਨੂੰ ਵਿਚ ਸੰਸਾਰ ਕੀਤਾ।
ਖੜਾਵਾਂ ਮਾਰ ਪਖੰਡ ਦੇ ਸਿਰ ਉਤੇ, ਭਰਮ-ਭੁਲੇਖਿਆਂ ਦਾ 'ਨੀਰ' ਸੰਘਾਰ ਕੀਤਾ।

# ਗੁਰੂ ਨਾਨਕ ਸੁਲਤਾਨਪੁਰੇ ਵਿਚ

[ਗਿ: ਗੋਪਾਲ ਸਿੰਘ ਜੀ 'ਮਿਤਰ', ਰਾਮ ਨਗਰ, ਗੁੜਗਾਉਂ]

ਗੁਰੂ ਨਾਨਕ ਸੁਲਤਾਨਪੁਰੇ ਵਿਚ ਪਹੁੰਚ ਕੇ ਨਾਮ ਦੀ ਵੇਈਂ ਵਗਾਈ।
ਦੌਲਤ ਖ਼ਾਨ ਦਾ ਹੱਟ ਸੰਭਾਲ ਕੇ, ਮੋਦੀ ਬਣੇ ਸੋਹਣੀ ਕਾਰ ਕਮਾਈ।
ਭੁੱਖੇ ਨੂੰ ਭੋਜਨ ਤੇ ਨੰਗੇ ਨੂੰ ਬਸਤ੍ਰ, ਦੇ ਦੇ ਕੇ ਜਨਤਾ ਗਰੀਬ ਰਜਾਈ।
ਜਾਏ ਸੁਆਲੀ ਨਾ ਕੋਈ ਵੀ ਖ਼ਾਲੀ, ਜੋ ਮੂੰਹੋਂ ਮੰਗੇ ਮਿਲੇ ਦਾਤ ਸਵਾਈ।

ਚੁਗਲਾਂ ਨੇ ਚੁਕ ਚੁਕ ਕੇ ਲੋਧੀ ਨੂੰ ਮਿੱਤਰ ਜੀ, ਹੱਟੀ ਲੇਖਾ ਕਰਾਇਆ ਕਈ ਵਾਰੀ।
ਜਗਤ ਆਧਾਰ ਦਾਤਾਰ ਗੁਰੂ ਨਾਨਕ ਦਾ ਵਾਧਾ ਨਿਕਲਦਾ ਰਿਹਾ ਹਰ ਵਾਰੀ।
ਸਹੰਸਰ ਗੁਣਾ ਹੋ ਕੇ ਦਾਨ ਫਲੇ, ਜਿੱਥੇ ਆਪ ਨਾਰਾਇਣ ਜੀ ਹੋਣ ਭੰਡਾਰੀ।
ਮਾਇਆ ਖੜੀ ਹੱਥ ਜੋੜ ਕੇ ਚਰਨਾਂ ਚਿ, ਬੱਧੀ ਹੁਕਮ ਦੀ ਕਰੇ ਇੰਤਜ਼ਾਰੀ।

ਏਦਾਂ ਹੀ ਕਾਰ ਚਲੀ ਨਿਸ ਦਿਨ, ਦਸ ਸਾਲ ਦਾ ਏਥੇ ਹੀ ਸਮਾਂ ਲੰਘਾਇਆ।
ਨਾਨਕੀ ਭੈਣ ਤੇ ਜੀਜਾ ਜੈ ਰਾਮ ਨੇ, ਕੀਤਾ ਪਿਆਰ-'ਵਟਾਲੇ' ਵਿਆਹਿਆ।
ਏਥੇ ਸ੍ਰੀ ਚੰਦ ਲਖਮੀ-ਜੀ ਜਨਮੇ, ਜਿਨ੍ਹਾਂ ਨੇ ਹੈ ਜਗ ਵਿੱਚ ਬਾਬਾ ਕਹਾਇਆ।
ਨਿਰੰਕਾਰ-ਦਰਸ ਪਾਇਆ ਇਸੇ ਥਾਂ, ਸਦਾ ਲਈ ਹੈ ਵੇਈਂ ਨੂੰ ਭਾਗ ਲਾਇਆ।

ਅਨੇਕਾਂ ਹੀ ਜੀਵਾਂ ਨੂੰ ਜੀਅ-ਦਾਨ ਦਿੱਤਾ, ਤੇ ਏਥੇ ਭਗੀਰਥ ਜਿਹੇ ਕਈ ਉਬਾਰੇ।
ਏਥੇ ਹੀ ਮਨਸੁਖ ਚਰਨ-ਰਜ ਪਰਸੀ, ਤੇ ਹੋਈ ਮਿਹਰ ਕੀਤੇ ਰਜ ਰਜ ਦੀਦਾਰੇ।
ਏਥੇ ਹੀ ਲੋਧੀ ਤੇ ਕਾਜ਼ੀ ਦੇ ਮਨ ਦੀ ਹਕੀਕਤ ਬੁਝੀ ਬਣ ਨਿਮਾਜ਼ੀ ਉਹ ਤਾਰੇ।
ਇਸੇ ਥਾਂ ਤੋਂ ਹੀ ਜਗ ਜਲੰਦੇ ਨੂੰ ਤਾਰਨ ਲਈ ਮਿੱਤਰ ਬਾਬੇ ਨੇ ਕੀਤੇ ਤਿਆਰੇ।

---

[ਸਫ਼ਾ ੨੮ ਦੀ ਬਾਕੀ]

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥੧॥੧੬॥ (ਸਲੋਕੁ ਮ: ੧–੧੪੫)
ਅਜਿਹੀ ਦਸ਼ਾ ਵਿਚ–ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥
ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥ (ਭਾਈ ਗੁਰਦਾਸ ਜੀ, ਵਾਰ ੧)
ਸੰਸਾਰ ਦੀ ਐਸੀ ਬਿਖੜੀ ਦਸ਼ਾ ਨੂੰ ਸੰਵਾਰਨ ਲਈ, ਮਨੁਖਤਾ ਨੂੰ ਬਚਾਣ ਲਈ ਅਤੇ ਪਾਪਾਂ ਦੀ ਜਿਲ੍ਹਣ ਵਿਚ ਫਸੇ ਹੋਏ ਮਨੁਖਾਂ ਦਾ ਉਧਾਰ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਕਲਜੁਗ ਵਿਚ ਅਵਤਾਰ ਧਾਰਿਆ :–
ਕਲਿ ਤਾਰਣਿ ਗੁਰੁ ਨਾਨਕ ਆਇਆ ॥੨੩॥ (ਭਾਈ ਗੁਰਦਾਸ ਜੀ, ਵਾਰ ੧)


www.AKJ.Org

# 'ਵਾਹਿਗੁਰੂ' ਸ਼ਬਦ ਅਤੇ 'ਨਾਮ'

[ ਸੂਬੇਦਾਰ ਧਰਮ ਸਿੰਘ ਜੀ, ਸੁਜੋਂ ਜ਼ਿਲਾ ਜਲੰਧਰ ]

''ਵਾਹਿਗੁਰੂ ਸ਼ਬਦ ਨਾਮ ਨਹੀਂ ਹੈ'' ਦੇ ਭੁਲੇਖੇ ਨੂੰ ਦੂਰ ਕਰਨ ਲਈ ਆਪ ਜੀ ਨੇ ਦਾਸ ਦੇ ਵਿਚਾਰ ਪੁਛੇ ਹਨ । ਸੋ ਇਸ ਸੰਬੰਧ ਵਿਚ ਬੇਨਤੀ ਹੈ ਕਿ :–

'ਨਾਮ' ਲਫ਼ਜ਼ ਅਸੀਂ ਹੇਠ ਲਿਖੇ ਅਨੁਸਾਰ ਅਕਸਰ ਵਰਤਦੇ ਹਾਂ । ਪਹਿਲਾਂ ਕਿਸੇ ਵਸਤੂ ਜਾਂ ਹਸਤੀ ਨੂੰ ਜਾਨਣ ਲਈ ਜਾਂ ਬਿਆਨ ਕਰਨ ਲਈ ਜੋ ਬੋਲ-ਭਾਖਿਆ ਵਰਤਦੇ ਹਾਂ ਉਸ ਨੂੰ ਨਾਮ ਆਖਦੇ ਹਾਂ, ਜਿਵੇਂ ਮੇਜ਼, ਕੁਰਸੀ, ਆਦਿ । ਲਫ਼ਜ਼ ਮੇਜ਼ ਜਾਂ ਕੁਰਸੀ ਆਪਣੇ ਆਪ ਵਿਚ ਕੋਈ ਵਸਤੂ ਜਾਂ ਵਜੂਦ ਨਹੀਂ, ਬਲਕਿ ਇਹ ਲਫ਼ਜ਼ ਮੇਜ਼ ਜਾਂ ਕੁਰਸੀ ਨੂੰ ਜਾਨਣ ਲਈ ਵਰਤਿਆ ਜਾਂਦਾ ਹੈ ਤੇ ਸਾਡਾ ਖ਼ਿਆਲ ਇਕ-ਦਮ ਲਕੜੀ ਦੀ ਕੁਰਸੀ ਜਾਂ ਮੇਜ਼ ਵਲ ਚਲਾ ਜਾਂਦਾ ਹੈ । ਇਸੇ ਤਰ੍ਹਾਂ ਹੀ ਲਫ਼ਜ਼ ''ਵਾਹਿਗੁਰੂ' ਬੋਲਣ ਨਾਲ ਸਾਡਾ ਖ਼ਿਆਲ ਇਕ-ਦਮ ਇਕ ਐਸੀ ਹਸਤੀ ਵਲ ਚਲਾ ਜਾਂਦਾ ਹੈ ਜੋ ਇਸ ਸੰਸਾਰ ਦੀ ਰਚਨਹਾਰ ਤੇ ਮਹਾਨ ਸ਼ਕਤੀ ਹੈ, ਜਿਸ ਦੇ ਹੋਰ ਵੀ ਅਨੇਕ ਗੁਣ ਹਨ, ਪਰ ਲਫ਼ਜ਼ ''ਵਾਹਿਗੁਰੂ'' ਆਪਣੇ ਆਪ ਵਿਚ ਉਹ ਮਹਾਨ ਸ਼ਕਤੀ ਨਹੀਂ ਹੈ, ਬਲਕਿ ਉਸ ਨੂੰ ਜਾਨਣ ਜਾਂ ਬਿਆਨ ਕਰਨ ਲਈ ਉਸ ਦੀ ਇਕ ਬੋਲ-ਭਾਖਿਆ, ਜਾਂ ਨਾਮ (Name) ਹੈ ।

ਸਾਡਾ ਦੇਸ਼ ਸ਼ੁਰੂ ਤੋਂ ਹੀ ਰਿਸ਼ੀਆਂ-ਮੁਨੀਆਂ ਜਾਂ ਸੰਤਾਂ-ਮਹਾਤਮਾਂ ਦਾ ਦੇਸ਼ ਚਲਿਆ ਆ ਰਿਹਾ ਹੈ । ਇਹ ਮਹਾਂ ਪੁਰਸ਼ ਆਪਣੇ ਸ਼ਿਸ਼ ਜਾਂ ਚੇਲੇ ਬਨਾਉਣ ਵੇਲੇ ਆਪਣੇ ਸ਼ਿਸ਼ਾਂ ਨੂੰ ਗੁਰ-ਮੰਤਰ ਦੇਂਦੇ ਸਨ ਤੇ ਉਸ ਗੁਰ-ਮੰਤਰ ਨੂੰ ਨਾਮ ਆਖਿਆ ਜਾਂਦਾ ਸੀ । ਆਮ ਬੋਲ ਚਾਲ ਵਿਚ ਅਸੀਂ ਆਖਦੇ ਸਾਂ ਕਿ ਅਮਕੇ ਸਜਨ ਨੇ ਅਮਕੇ ਮਹਾਤਮਾ ਤੋਂ ਨਾਮ ਲਿਆ ਹੈ । ਵਖੋ ਵਖ ਗੁਰੂਆਂ ਦੇ ਵਖੋ ਵਖ ਹੀ ਗੁਰਮੰਤਰ ਹੁੰਦੇ ਸਨ, ਜਿਵੇਂ ਕਿ ''ਹਰੇ ਰਾਮ ਹਰੇ ਰਾਮ, ਰਾਮ ਰਾਮ ਹਰੇ ਹਰੇ, ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ, ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ'', ਜਾਂ ''ਓਮ ਨਮੋ ਸ਼ਿਵਾਏ'' ਜਾਂ ''ਓਮ ਨਮੋ ਭਗਵਤੇ ਵਾਸੁਦੇਵਾਏ'' ਜਾਂ ''ਸਿਰੀ ਰਾਮ'' ਆਦਿ । ਪਰ ਇਨ੍ਹਾਂ ਸਾਰੇ ਗੁਰ-ਮੰਤਰਾਂ ਲਈ ਸਾਂਝਾ ਲਫ਼ਜ਼ ਨਾਮ ਹੀ ਵਰਤਿਆ ਜਾਂਦਾ ਸੀ । ਇਸੀ ਤਰ੍ਹਾਂ ਹੀ ਸਿਖ ਮੱਤ ਵਿਚ ''ਵਾਹਿਗੁਰੂ'' ਸ਼ਬਦ ਗੁਰ-ਮੰਤਰ ਵਜੋਂ ਭੀ ਵਰਤਿਆ ਜਾਂਦਾ ਹੈ । ਜਦੋਂ ਅਸੀਂ ਇਸ ਨੂੰ ਗੁਰ-ਮੰਤਰ ਵਜੋਂ ਵਰਤਦੇ ਹਾਂ ਤਾਂ ਉਪਰ ਲਿਖੀ ਪਰਪਾਟੀ ਅਨੁਸਾਰ ਅਸੀਂ ਭੀ ਇਸ ਨੂੰ ਨਾਮ ਆਖਦੇ ਹਾਂ ।

ਬਰਫ਼ ਨੂੰ ਗਰਮੀ ਲਗਣ 'ਤੇ ਪਿਘਲ ਕੇ ਇਸ ਵਿਚ ਤਬਦੀਲੀ ਆਉਂਦੀ ਹੈ । ਬਰਫ਼ ਦੀ ਹਾਲਤ ਵਿਚ ਆਈ ਇਸ ਪਹਿਲੀ ਤਬਦੀਲੀ ਨੂੰ ਅਸੀਂ ''ਪਾਣੀ'' ਆਖਦੇ ਹਾਂ । ਅਗੋਂ ਇਹ ਪਾਣੀ ਹੋਰ ਤਪਸ਼ ਲਗਣ ਨਾਲ ਭਾਫ ਬਣਦਾ ਹੈ । 'ਭਾਫ' ਬੱਦਲ ਬਣਦੀ ਹੈ । ਬੱਦਲ ਅਗੋਂ ਬਾਰਸ਼ ਬਣ ਕੇ ਧਰਤੀ ਤੇ ਬਰਸਦਾ ਤੇ ਬਾਰਸ਼ ਅਗੋਂ ਨਦੀ ਨਾਲਿਆਂ ਦੀ ਸ਼ਕਲ ਅਖ਼ਤਿਆਰ ਕਰਦੀ ਹੈ । ਇਸੇ ਪਾਣੀ ਨੂੰ ਫੇਰ ਠੰਡਕ ਮਿਲਣ ਤੇ ਫੇਰ ਬਰਫ਼ ਬਣ ਜਾਂਦੀ ਹੈ । ਇਸ ਤਰ੍ਹਾਂ ਹੀ ਅਕਾਲ ਪੁਰਖ ਜਦੋਂ ਨਿਰਗੁਣ ਹਾਲਤ ਵਿਚ ਹੁੰਦਾ ਹੈ ਤਾਂ ਉਸ ਹਾਲਤ ਦਾ ਤਾਂ ਕੋਈ ਬਿਆਨ ਹੀ ਨਹੀਂ ਹੋ ਸਕਦਾ । ਜਦੋਂ ਅਕਾਲ ਪੁਰਖ ਆਪਣੇ ਸਰਗੁਣ ਸਰੂਪ ਦਾ ਅਨੰਦ ਮਾਨਣਾ ਚਾਹੁੰਦੇ ਹਨ ਤਾਂ ਨਿਰਗੁਣ ਸਰੂਪ ਦੀ ''ਅਚਲ'' ਹਾਲਤ ਤੋਂ ਚਲਾਇਮਾਨ ਹੁੰਦੇ ਹਨ, ਭਾਵ, ਹਰਕਤ ਵਿਚ ਆਉਂਦੇ ਹਨ ਤਾਂ ਇਸ ਹਰਕਤ ਦੇ ਕਾਰਨ ਅਕਾਲ ਪੁਰਖ ਵਿਚ ਆਈ ਪਹਿਲੀ ਤਬਦੀਲੀ ਦੀ ਹਾਲਤ ਨੂੰ ''ਨਾਮ'' ਆਖਦੇ ਹਨ, ਜਿਵੇਂ ਬਰਫ ਵਿਚ ਪਹਿਲੀ ਤਬਦੀਲੀ ਨੂੰ ਪਾਣੀ ਆਖਦੇ ਹਾਂ। ਇਸ ਵਕਤ ਇਹ ਅਕਾਲ ਪੁਰਖ ਇਕ ਅਮਿਤੋਜ (ਲਾ-ਇੰਤਹਾ ਸ਼ਕਤੀ)ਦੀ ਹਾਲਤ ਹੁੰਦੀ ਹੈ । ਇਸ ਲਾ-ਇੰਤਹਾ ਸ਼ਕਤੀ ਵਿਚ ਹਰਕਤ ਦੇ ਕਾਰਨ ਜੋ ਆਵਾਜ਼ ਪੈਦਾ ਹੁੰਦੀ ਹੈ, ਉਹ ਆਵਾਜ਼ ''ਵਾਹਿਗੁਰੂ'' ਹੁੰਦੀ ਹੈ । ਜਿਵੇਂ ਘੜਿਆਲ ਤੇ ਠੋਕਰ ਮਾਰਨ ਨਾਲ ਘੜਿਆਲ ਦੇ ਕਣਾਂ ਵਿਚ ਹਰਕਤ ਹੁੰਦੀ ਹੈ ਤੇ ਇਸ ਹਰਕਤ ਤੋਂ ਟਣ-ਣ-ਣ-ਣ ਦੀ ਆਵਾਜ਼ ਪੈਦਾ ਹੁੰਦੀ ਹੈ । ਘੜਿਆਲ ਨੂੰ ਹੱਥ ਲਾਉਣ ਤੇ ਘੜਿਆਲ ਦੇ ਕਣਾਂ ਦੀ ਹਰਕਤ ਹੱਥ ਨੂੰ ਥਰਥਰਾਹਟ ਜਿਹੀ ਮਹਿਸੂਸ ਹੁੰਦੀ ਹੈ, ਪਰ ਹੱਥ ਲਾਉਣ ਨਾਲ ਉਹ



www.AKJ.Org

ਹਰਕਤ ਰੁਕ ਜਾਂਦੀ ਹੈ ਤੇ ਟਣ-ਣ-ਣ-ਣ ਦੀ ਆਵਾਜ਼ ਭੀ ਖ਼ਤਮ ਹੋ ਜਾਂਦੀ ਹੈ। ਇਸੀ ਤਰ੍ਹਾਂ ਹੀ ਨਾਮ ਲਾ-ਇੰਤਹਾ ਸ਼ਕਤੀ ਵਿਚ ਆਈ ਹਰਕਤ ਤੋਂ "ਵਾਹਿਗੁਰੂ" ਆਵਾਜ਼ ਪੈਦਾ ਹੁੰਦੀ ਹੈ। ਪਰਲੈ ਤੀਕ ਨਾਮ ਦੀ ਹਸਤੀ ਹਰਕਤ ਵਿਚ ਰਹਿੰਦੀ ਹੈ, ਇਸ ਲਈ ਪਰਲੈ ਤੀਕ ਇਹ "ਵਾਹਿਗੁਰੂ" ਆਵਾਜ਼ ਜਾਰੀ ਰਹਿੰਦੀ ਹੈ, ਜਿਵੇਂ ਕਿ ਘੜਿਆਲ ਵਿਚੋਂ ਟਣ-ਣ-ਣ-ਣ ਦੀ ਆਵਾਜ਼ ਪੈਦਾ ਹੋਈ ਸੀ। ਇਸ ਨਾਮ ਤੋਂ ਪੈਦਾ ਹੋਈ "ਵਾਹਿਗੁਰੂ" ਆਵਾਜ਼ ਨੂੰ ਭੀ ਨਾਮ ਆਖਦੇ ਹਨ।

ਆਪ ਜੀ ਦੇਖਦੇ ਹੋ ਕਿ ਉਪਰ ਲਿਖੀ ਵਿਚਾਰ ਅਨੁਸਾਰ ਤਿੰਨਾਂ ਹਾਲਤਾਂ ਵਿਚ "ਵਾਹਿਗੁਰੂ" ਸ਼ਬਦ ਦੇ ਨਾਲ ਲਫਜ਼ ਨਾਮ ਵਰਤਿਆ ਗਿਆ ਹੈ–ਪਹਿਲੀ ਹਾਲਤ ਵਿਚ 'ਨਾਮ' 'Name' ਦੇ ਅਰਥਾਂ ਵਿਚ ਵਰਤਿਆ ਗਿਆ ਹੈ, ਦੂਸਰੀ ਹਾਲਤ ਵਿਚ ਲਫਜ਼ 'ਨਾਮ' ਗੁਰਮੰਤਰ ਲਈ ਵਰਤਿਆ ਗਿਆ ਹੈ ਤੇ ਤੀਸਰੀ ਤੇ ਆਖਰੀ ਹਾਲਤ ਵਿਚ ਵਾਹਿਗੁਰੂ ਸ਼ਬਦ ਬਤੌਰ ਲਫ਼ਜ਼ ਦੇ ਕਿਸੀ ਭੀ ਹਾਲਤ ਵਿਚ ਵਰਤਿਆ ਨਹੀਂ ਗਿਆ, ਸਗੋਂ ਨਾਮ ਦੀ ਹਰਕਤ ਵਿਚੋਂ ਪੈਦਾ ਹੋਈ ਆਵਾਜ਼ ਅਜ਼-ਖ਼ੁਦ ਜਾਂ ਆਪਣੇ ਆਪ ਵਿਚ ਵਾਹਿਗੁਰੂ ਆਵਾਜ਼ ਹੈ। ਨਾਮ-ਅਭਿਆਸੀ ਸਜਣਾਂ ਨੂੰ ਇਕ ਐਸਾ ਸਮਾਂ ਆਉਂਦਾ ਹੈ ਜਦੋਂ ਇਹ ਆਵਾਜ਼ ਸੰਸਾਰ ਦੇ ਜ਼ੱਰੇ-ਜ਼ੱਰੇ ਵਿਚੋਂ ਪਰਤੱਖ ਸੁਣਾਈ ਦਿੰਦੀ ਹੈ, ਤਦੇ ਹੀ ਆਖਿਆ ਗਿਆ ਹੈ ਕਿ "ਜੇਤਾ ਕੀਤਾ ਤੇਤਾ ਨਾਉ"। ਜਿਵੇਂ ਬਰਫ਼ ਤੋਂ ਪਾਣੀ, ਭਾਫ, ਬੱਦਲ, ਬਾਰਸ਼ ਤੇ ਨਦੀ ਨਾਲੇ ਬਣੇ ਇਸੇ ਤਰ੍ਹਾਂ ਹੀ ਨਾਮ ਹਸਤੀ ਵਿਚ ਅਗੋਂ ਆਈਆਂ ਤਬਦੀਲੀਆਂ ਦੇ ਕਾਰਨ ਇਹ ਸੰਸਾਰ ਦੀਆਂ ਵਖ ਵਖ ਚੀਜ਼ਾਂ ਵਜੂਦ ਵਿਚ ਆਈਆਂ, ਜਿਸ ਲਈ ਸੁਖਮਨੀ ਸਾਹਿਬ ਵਿਚ ਫ਼ੁਰਮਾਨ ਹੈ :–

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥੫॥੧੬॥

ਜਾਂ ਦੂਸਰੇ ਲਫਜ਼ਾਂ ਵਿਚ ਨਾਮ ਮਹਾਨ ਸ਼ਕਤੀ ਨੇ ਬ੍ਰਹਮੰਡ ਦਾ ਰੂਪ ਧਾਰਨ ਕੀਤਾ ਤੇ ਬ੍ਰਹਮੰਡ ਦੇ ਕਣ ਕਣ ਵਿਚੋਂ ਨਾਮ ਤੋਂ ਪੈਦਾ ਹੋਈ ਆਵਾਜ਼ "ਵਾਹਿਗੁਰੂ" ਸੁਣਾਈ ਦੇ ਰਹੀ ਹੈ। ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿਚ ਜਾ ਕੇ "ਅਚਲ ਮੂਰਤਿ" ਧਾਰਨ ਕਰਨ ਤਕ ਜਾਰੀ ਰਹੇਗੀ। ਅਕਾਲ ਪੁਰਖ ਦੇ "ਅਚਲ ਮੂਰਤਿ" ਹਾਲਤ ਵਿਚ ਜਾਣ ਤੇ ਸਾਰਾ ਬ੍ਰਹਮੰਡ ਤੇ ਇਹ "ਵਾਹਿਗੁਰੂ" ਆਵਾਜ਼ "ਅਚਲ ਮੂਰਤਿ" ਵਿਚ ਲੀਨ ਹੋ, ਫੇਰ ਇਹ ਹਾਲਤ ਬਿਆਨ ਤੋਂ ਬਾਹਰ ਹੋ ਜਾਵੇਗੀ। ਤੇ ਫੇਰ ਇਹ "ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ" ਵਾਲੀ ਹਾਲਤ ਵਿਚ ਚਲੀ ਜਾਵੇਗੀ।

ਚੂੰਕਿ ਅਕਾਲ ਪੁਰਖ ਦੀ ਲਾ-ਇੰਤਹਾ ਜਾਂ ਮਹਾਨ ਸ਼ਕਤੀ ਨਾਮ ਨੇ ਹੀ ਸੰਸਾਰ ਦੀ ਸ਼ਕਲ ਧਾਰਨ ਕੀਤੀ, ਜਿਸ ਵਿਚ ਸਾਡਾ ਵਜੂਦ ਭੀ ਸ਼ਾਮਲ ਹੈ। ਭਾਵ, ਇਹ ਕਿ ਅਸੀਂ ਭੀ ਨਾਮ-ਸ਼ਕਤੀ ਦੀ ਧਾਰਨਾ ਹਾਂ। (ਕਿਵੇਂ ? ਲੇਖ ਲੰਬਾ ਹੋਣ ਦੇ ਡਰ ਕਾਰਨ 'ਇਸ ਕਿਵੇਂ ?' ਦਾ ਜ਼ਿਕਰ ਛੱਡ ਦਿਤਾ ਗਿਆ ਹੈ)। ਅਸੀਂ ਨਾਮ-ਸ਼ਕਤੀ ਦੀ ਕਿਰਤ ਹੁੰਦੇ ਹੋਏ ਭੀ ਨਾਮ-ਸ਼ਕਤੀ ਤੋਂ ਅਗਿਆਤ ਹਾਂ, ਜਾਂ ਐਉਂ ਆਖ ਲਉ ਕਿ ਮਹਾਨ ਸ਼ਕਤੀ 'ਨਾਮ' ਸਾਡੇ ਵਿਚ ਗੁਪਤ ਰੂਪ ਵਿਚ ਵਿਚਰ ਰਹੀ ਹੈ। ਸਤਿਗੁਰੂ ਦੇ ਮਿਲਾਪ ਸਮੇਂ (ਗੁਰੂ ਗੋਬਿੰਦ ਸਿੰਘ ਜੀ ਦੇ ਪਿਛੋਂ ਪੰਚਾਂ ਦੇ ਸਰੂਪ ਵਿਚ), ਸਤਿਗੁਰੂ ਜੀ ਇਸ ਗੁਪਤ ਨਾਮ ਮਹਾਨ-ਸ਼ਕਤੀ ਨੂੰ ਪਰਗਟ ਕਰ, ਇਸ ਦੀ ਨਿਜ ਆਵਾਜ਼ "ਵਾਹਿਗੁਰੂ" ਨੂੰ ਚਾਲੂ ਕਰ ਦੇਂਦੇ ਹਨ। ਇਹ, ਨਾਮ-ਹਸਤੀ ਤੋਂ ਪੈਦਾ ਹੋਈ "ਵਾਹਿਗੁਰੂ" ਆਵਾਜ਼ ਨਾਮ ਹੈ। ਵਿਰਲੇ ਵਿਰਲੇ ਸਜਨਾਂ ਵਿਚ ਤਾਂ ਅੰਮ੍ਰਿਤ ਛਕਦੇ ਸਾਰ ਹੀ ਪਰਗਟ ਹੋਈ "ਨਾਮ-ਕਲਾ" ਆਪਣੇ ਪੂਰੇ ਜੋਬਨ ਵਿਚ ਚਾਲੂ ਹੋ ਜਾਂਦੀ ਹੈ, ਪਰ ਆਮ ਹਾਲਤਾਂ ਵਿਚ ਗੁਰ-ਮੰਤਰ ਦੇ ਕੁਝ ਸਮਾਂ ਅਭਿਆਸ ਤੋਂ ਪਿਛੋਂ ਇਸ ਪਰਗਟ ਹੋਈ ਨਾਮ-ਕਲਾ ਨਾਲ ਸਾਡਾ ਮਿਲਾਪ ਹੁੰਦਾ ਹੈ। ਭਾਵ, ਇਹ ਕਿ ਗੁਰ-ਮੰਤਰ ਦੀ ਕਮਾਈ ਕਰਦਿਆਂ ਕਰਦਿਆਂ ਇਕ ਸਮਾਂ ਐਸਾ ਆਉਂਦਾ ਹੈ ਕਿ ਜਦੋਂ ਅੰਦਰੋਂ ਨਾਮ-ਕਲਾ ਦੀ ਪਰਗਟ ਹੋਈ ਆਵਾਜ਼ "ਵਾਹਿਗੁਰੂ" ਨਾਲ, ਸਾਡੀ ਗੁਰਮੰਤਰ-ਵਾਹਿਗੁਰੂ ਦੀ ਆਵਾਜ਼ ਮਿਲ ਜਾਂਦੀ ਹੈ ਤੇ ਫੇਰ ਸਾਡਾ ਨਾਮ ਅਭਿਆਸ ਆਪ-ਮੁਹਾਰਾ ਚਲ ਪੈਂਦਾ ਹੈ, ਜਿਸ ਨੂੰ ਨਾਮ ਦਾ ਤੋਰਾ ਜਾਂ ਅਜਪਾ-ਜਾਪ ਆਖਿਆ ਗਿਆ ਹੈ।

ਇਸ ਨੂੰ ਹੋਰ ਅਛੀ ਤਰ੍ਹਾਂ ਸਮਝਣ ਲਈ ਆਓ ਇਸ ਨੂੰ ਹੇਠ ਲਿਖੀ ਮਿਸਾਲ ਦੀ ਮਦਦ ਨਾਲ ਸਮਝਣ



www.AKJ.Org

ਦੀ ਕੋਸ਼ਿਸ਼ ਕਰੀਏ। ਮਿਸਤ੍ਰੀ ਜ਼ਮੀਨ ਵਿਚ ਬੋਰ ਕਰ ਕੇ ਨਲਕਾ ਫਿਟ ਕਰ ਦੇਂਦਾ ਹੈ, ਉਹ ਸਾਨੂੰ ਨਲਕੇ ਦੇ ਜ਼ਰੀਏ ਜ਼ਮੀਨ ਦੇ ਅੰਦਰ ਪਏ ਪਾਣੀ ਦੇ ਮਹਾਨ ਭੰਡਾਰ ਨਾਲ ਜੋੜ ਦਿੰਦਾ ਹੈ। ਇਸ ਭੰਡਾਰ ਤੋਂ ਪਾਣੀ ਹਾਸਲ ਕਰਨ ਲਈ ਸਾਨੂੰ ਵਿਧੀ ਸਮਝਾਉਂਦਾ ਹੈ ਕਿ ਨਲਕੇ ਦੇ ਉਪਰਲੇ ਖ਼ਾਲੀ ਹਿਸੇ ਵਿਚ ਪਾਣੀ ਪਾ ਦਿਉ। ਫੇਰ ਨਲਕੇ ਦੇ ਹੈਂਡਲ ਨੂੰ ਉਪਰ ਥੱਲੇ ਹਰਕਤ ਦਿਉ। ਇਸ ਤਰ੍ਹਾਂ ਥੱਲੇ ਦਾ ਪਾਣੀ ਹੌਲੀ ਹੌਲੀ ਉਪਰ ਆਉਣਾ ਸ਼ੁਰੂ ਹੋ ਜਾਏਗਾ। ਕੁਝ ਸਮੇਂ ਪਿਛੋਂ ਜਦੋਂ ਉਪਰਲਾ ਪਾਣੀ ਤੇ ਥੱਲੇ ਦਾ ਪਾਣੀ ਆਪਸ ਵਿਚ ਮਿਲ ਜਾਣਗੇ ਤਾਂ ਥੱਲੇ ਦਾ ਪਾਣੀ ਬਾਹਰ ਆਉਣਾ ਸ਼ੁਰੂ ਹੋ ਜਾਵੇਗਾ। ਮਿਸਤ੍ਰੀ ਇਹ ਭੀ ਦਸਦਾ ਹੈ ਕਿ ਜੇ ਤੁਸੀਂ ਲਗਾਤਾਰ ਪਾਣੀ ਹਾਸਲ ਕਰਨਾ ਹੈ ਤਾਂ ਹੈਂਡਲ ਭੀ ਲਗਾਤਾਰ ਹੀ ਮਾਰਨਾ ਹੋਵੇਗਾ। ਜਦੋਂ ਹੈਂਡਲ ਮਾਰਨਾ ਬੰਦ ਕੀਤਾ, ਪਾਣੀ ਬਾਹਰ ਆਉਣਾ ਬੰਦ ਹੋ ਜਾਵੇਗਾ।

ਇਸ ਤਰ੍ਹਾਂ ਸਤਿਗੁਰੂ ਸਾਡੇ ਅੰਦਰ ਨਾਮ ਦੀ ਗੁਪਤ ਹਾਲਤ ਨੂੰ ਪਰਗਟ ਕਰ ਦਿੰਦਾ ਹੈ, ਜਿਵੇਂ ਮਿਸਤ੍ਰੀ ਨੇ ਬੋਰ ਕਰ ਕੇ ਹੇਠਲੇ ਜਲ-ਭੰਡਾਰ ਨੂੰ ਪਰਗਟ ਕੀਤਾ। ਫੇਰ ਸਤਿਗੁਰੂ ਇਸ ਪਰਗਟ ਹੋਏ ਨਾਮ ਨਾਲ ਜੁੜਨ ਲਈ ਗੁਰ-ਮੰਤਰ ਜਾਂ ਗੁਰ-ਸ਼ਬਦ ''ਵਾਹਿਗੁਰੂ'' ਦੀ ਬਖਸ਼ਿਸ਼ ਕਰਦਾ ਹੈ, ਜਿਵੇਂ ਹੇਠਲੇ ਜਲ-ਭੰਡਾਰ ਨਾਲ ਜੁੜਨ ਲਈ ਉਪਰ ਜਲ ਪਾਉਣ ਲਈ ਦਸਿਆ ਸੀ। ਫੇਰ ਸਤਿਗੁਰੂ ਨਾਮ ਜਪਣ ਦੀ ਸੁਆਸ-ਅਭਿਆਸੀ ਵਿਧੀ ਸਮਝਾਉਂਦਾ ਹੈ, ਜਿਵੇਂ ਮਿਸਤ੍ਰੀ ਨਲਕੇ ਦੇ ਹੈਂਡਲ ਨੂੰ ਉਪਰ ਨੀਚੇ ਹਰਕਤ ਦੇਣ ਦੀ ਹਦਾਇਤ ਕਰਦਾ ਹੈ। ਸੋ ਇਸ ਵਿਧੀ ਨਾਲ ਗੁਰ-ਸ਼ਬਦ ਜਾਂ ਗੁਰ-ਮੰਤਰ ਦਾ ਜਾਪ ਕੀਤਿਆਂ ਇਕ ਵਕਤ ਐਸਾ ਆਉਂਦਾ ਹੈ ਜਦੋਂ ਅੰਦਰ ਪਰਗਟ ਹੋਏ ਨਾਮ ਵਿਚੋਂ ਨਿਕਲ ਰਹੀ ''ਵਾਹਿਗੁਰੂ'' ਆਵਾਜ਼ ਨਾਲ ਉਪਰੋਂ ਜਪ ਹੋ ਰਹੀ ਗੁਰ-ਸ਼ਬਦ ''ਵਾਹਿਗੁਰੂ'' ਦੀ ਆਵਾਜ਼ ਦਾ ਮਿਲਾਪ ਹੋ ਜਾਂਦਾ ਹੈ। ਨਲਕੇ ਦੇ ਉਪਰਲੇ ਪਾਣੀ ਨੂੰ ਗੁਰ-ਸ਼ਬਦ ਸਮਝ ਲਵੋ ਤੇ ਨੀਚੇ ਦੇ ਜਲ-ਭੰਡਾਰ ਵਿਚੋਂ ਆ ਰਹੇ ਪਾਣੀ ਨੂੰ ਨਾਮ-ਮਹਾਨ-ਸ਼ਕਤੀ ਵਿਚੋਂ ਆ ਰਹੀ ''ਵਾਹਿਗੁਰੂ'' ਆਵਾਜ਼ ਸਮਝ ਲਵੋ।

ਜਦੋਂ ਨਲਕੇ ਵਿਚ ਉਪਰੋਂ ਪਾਇਆ ਪਾਣੀ ਨਿਚਲੇ ਪਾਣੀ ਨਾਲ ਮਿਲ ਜਾਂਦਾ ਹੈ ਤਾਂ ਦੋਨੋਂ ਪਾਣੀ ਇਕ-ਮਿਕ ਹੋ, ਆਪੋ ਵਿਚ ਓਤ ਪੋਤ ਹੋ ਜਾਂਦੇ ਹਨ। ਇਸੀ ਤਰ੍ਹਾਂ ਜਦੋਂ ਗੁਰ-ਸ਼ਬਦ ''ਵਾਹਿਗੁਰੂ'' ਅੰਦਰੋਂ ਨਾਮ ਵਿਚੋਂ ਪੈਦਾ ਹੋਈ ਆਵਾਜ਼ ''ਵਾਹਿਗੁਰੂ'' ਨਾਲ ਮਿਲ ਇਕ-ਮਿਕ ਹੋ ਜਾਂਦੇ ਹਨ ਤਾਂ ਦੋਨਾਂ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਇਸ ਸਟੇਜ ਤੇ ਪਹੁੰਚ, ਗੁਰ ਸ਼ਬਦ ਵਾਹਿਗੁਰੂ 'ਨਾਮ' ਦਾ ਦਰਜਾ ਹਾਸਲ ਕਰਦਾ ਹੈ। ਇਸ ਤੋਂ ਪਹਿਲਾਂ ਗੁਰਸ਼ਬਦ ਵਾਹਿਗੁਰੂ, ਨਾਮ ਵਾਹਿਗੁਰੂ ਨਹੀਂ ਹੁੰਦਾ। ਇਥੇ ਪਹੁੰਚ, ਇਸ ਨੂੰ ਨਾਮ ਕਹੋ ਜਾਂ ਗੁਰ-ਸ਼ਬਦ, ਦੋਨੋਂ ਹੀ ਠੀਕ ਹਨ।

ਗੁਰਮਤਿ ਅਨੁਸਾਰ ਸਾਡਾ ਲਕਸ਼ ''ਨਾਮ ਵਾਹਿਗੁਰੂ'' ਦੀ ਪ੍ਰਾਪਤੀ ਹੈ, ਕਿਉਂਕਿ ਨਿਰਗੁਣ ਅਵੱਸਥਾ ਵਿਚ ''ਕੋਊ ਕਹਿ ਨ ਸਕਤ ਕਿਹ'' ਅਨੁਸਾਰ ਵਾਹਿਗੁਰੂ ਦਾ ਕੋਈ ਅਨੁਭਵ ਜਾਂ ਲਖਤਾ ਨਹੀਂ ਹੋ ਸਕਦੀ। ''ਅਵਲਿ ਅਲਹ ਨੂਰੁ ਉਪਾਇਆ'' ਅਨੁਸਾਰ ਇਹ ਪਹਿਲੀ ਤਬਦੀਲੀ ਦੀ ਹਾਲਤ ''ਨਾਮ'' ਨੂਰ, ਰੌਸ਼ਨੀ ਜਾਂ ਪ੍ਰਕਾਸ਼ ਰੂਪ ਹੈ, ਤੇ ਪ੍ਰਕਾਸ਼ ਦਾ ਅਨੁਭਵ ਹੋ ਸਕਦਾ ਹੈ।

ਇਥੇ ਹੁਣ ਪ੍ਰਕਾਸ਼ ਦੇ ਭੁਲੇਖੇ ਨੂੰ ਭੀ ਦੂਰ ਕਰ ਲਿਆ ਜਾਵੇ। ਕਿਰਨ ਵਿਚ ਭੀ ਪ੍ਰਕਾਸ਼ ਹੈ ਤੇ ਸੂਰਜ ਵਿਚ ਭੀ ਪ੍ਰਕਾਸ਼ ਹੈ, ਪਰ 'ਕਿਰਨ' ਸੂਰਜ ਨਹੀਂ ਹੋ ਸਕਦੀ। ਇਸੀ ਤਰ੍ਹਾਂ ਆਤਮਾ ਪਰਮ-ਆਤਮਾ ਦੀ ਅੰਸ਼ ਹੋਣ ਦੇ ਨਾਤੇ ਆਤਮਾ ਵਿਚ ਭੀ ਪ੍ਰਕਾਸ਼ ਹੈ, ਜੋ ਕੁਝ ਸੂਰਜਾਂ ਦੇ ਪ੍ਰਕਾਸ਼ ਸਮਾਨ ਹੈ; ਪਰ ਪਰਮ-ਆਤਮਾ ਜਾਂ ਅਕਾਲ ਪੁਰਖ ਦਾ ਪ੍ਰਕਾਸ਼ ਕੋਟਾਨ ਕੋਟ ਸੂਰਜਾਂ ਸਮਾਨ ਹੈ, ਇਸ ਲਈ 'ਆਤਮਾ' ਪਰਮ-ਆਤਮਾ ਨਹੀਂ ਬਣ ਸਕਦੀ।

ਜਦੋਂ ਅਸੀਂ ਕਿੱਸੀ ਭੀ ਢੰਗ ਨਾਲ ਮਨ ਦੀਆਂ ਵਾਗਾਂ ਬਾਹਰੀ ਗਿਆਨ-ਇੰਦਰੀਆਂ ਵਲੋਂ ਮੋੜ, ਇਸ ਨੂੰ ਅੰਤਰ ਮੁਖ ਕਰ ਨਿਰ-ਵਿਕੱਲਪ (ਨਿਰ-ਖ਼ਿਆਲ) ਕਰ ਦੇਂਦੇ ਹਾਂ, ਭਾਵ, ਮਨ ਨੂੰ stand still ਕਰ ਦਿੰਦੇ ਹਾਂ ਤਾਂ ਇਹ ਆਪਣੇ ਆਪ, ਭਾਵ, ਆਪਣੀ ਆਤਮਾ ਵਿਚ ਸਥਿਰ ਹੋ, ਆਪਣੀ ਆਤਮਾ ਦਾ ਅਨਭਵ ਕਰਦਾ ਹੈ, ਜੋ ਪਰਮ-ਆਤਮਾ ਦੀ ਅੰਸ਼ ਹੋਣ ਕਰਕੇ ਪ੍ਰਕਾਸ਼ ਰੂਪ ਹੈ, ਤਾਂ ਹੀ ਤਾਂ ਆਖਿਆ ਹੈ ਕਿ :–



www.AKJ.Org

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥੫॥ (ਆਸਾ ਮ: ੩, ਛੰਤ, ੪੪੧)

ਦੂਸਰੇ ਆਨ ਮਤ ਭੀ ਮਨ ਨੂੰ ਆਪਣੇ ਢੰਗ ਨਾਲ "ਨਿਰ-ਵਿਕਲਪ" ਕਰ, ਆਪਣੀ ਆਤਮਾ ਦੇ ਪ੍ਰਕਾਸ਼ ਦਾ ਅਨੁਭਵ ਕਰਦੇ ਹਨ। ਇਸ ਪ੍ਰਕਾਸ਼ ਨੂੰ ਪਰਮ-ਆਤਮਾ ਦਾ ਪ੍ਰਕਾਸ਼ ਸਮਝ, ਇਥੇ ਹੀ ਸੰਤੁਸ਼ਟ ਹੋ ਬੈਠਦੇ ਹਨ। ਪਰ ਦਸਮ ਦੁਆਰ ਦੇ ਖੁਲ੍ਹਣ ਤੋਂ ਪਹਿਲਾਂ ਅਕਾਲ ਪੁਰਖ ਦੇ ਪ੍ਰਕਾਸ਼ ਨਾਲ ਮਿਲਾਪ ਨਹੀਂ ਹੁੰਦਾ। ਦਸਮ-ਦੁਆਰ-ਉਘਾੜ ਦੀ ਵਿਧੀ ਸ਼ਿਵਾਏ ਗੁਰਮਤਿ ਤੋਂ ਆਨ ਮਤਾਂ ਪਾਸ ਨਹੀਂ, ਇਸ ਲਈ ਨਾ ਉਨ੍ਹਾਂ ਦਾ ਦਸਮ ਦੁਆਰ ਖੁਲ੍ਹਦਾ ਹੈ ਤੇ ਨਾ ਹੀ ਉਨ੍ਹਾਂ ਦਾ ਅਕਾਲ ਪੁਰਖ ਨਾਲ ਮਿਲਾਪ ਹੋ ਸਕਦਾ ਹੈ।

ਦਸਮ ਦੁਆਰ ਖੁਲ੍ਹਣ 'ਤੇ ਅਕਾਲ ਪੁਰਖ ਦੇ ਕੋਟਾਨ ਕੋਟ ਸੂਰ ਦਾ ਉਜਿਆਰਾ ਪਰਤੱਖ ਹੁੰਦਾ ਹੈ। ਇਥੇ ਆਤਮਾ ਦਾ ਪ੍ਰਕਾਸ਼ ਅਕਾਲ ਪੁਰਖ ਦੇ ਪ੍ਰਕਾਸ਼ ਨਾਲ ਮਿਲ, ਇਕ ਮਿਕ ਹੋ "ਸੂਰਜ ਕਿਰਣਿ ਮਿਲੇ" ਜਾਂ "ਜਲ ਕਾ ਜਲੁ ਹੂਆ ਰਾਮ"* ਵਾਲੀ ਹਾਲਤ ਬਣਦੀ ਹੈ। ਪਰ ਯਾਦ ਰਹੇ ਕਿ ਇਹ ਪ੍ਰਕਾਸ਼ ਅਕਾਲ ਪੁਰਖ ਦੀ ਤਬਦੀਲੀ ਦੀ ਪਹਿਲੀ ਹਾਲਤ, ਜਿਸ ਨੂੰ ਨਾਮ ਦੇ ਸ਼ਬਦ ਨਾਲ ਜਾਣਿਆ ਜਾਂਦਾ ਹੈ, ਦਾ ਹੈ, ਜਿਸ ਨੂੰ "ਅਵਲਿ ਅਲਹ ਨੂਰੁ ਉਪਾਇਆ" ਭੀ ਆਖਿਆ ਗਿਆ ਹੈ। ਸੋ ਗੁਰਮਤਿ ਦਾ ਨਿਸ਼ਾਨਾ ਇਸ 'ਨਾਮ' ਦੀ ਪ੍ਰਾਪਤੀ ਹੈ। ਇਸੀ ਕਰਕੇ ਹੀ ਗੁਰਬਾਣੀ ਅੰਦਰ 'ਨਾਮ' ਦੀ ਬੇਅੰਤ ਮਹਿਮਾ ਗਾਈ ਗਈ ਹੈ।

ਇਕ ਦਿਨ ਪਾਠ ਕਰਦਿਆਂ ਪੰਨਾ ੧੩੪੬ ਤੇ ਪ੍ਰਭਾਤੀ ਮਹਲਾ ੩ ਬਿਭਾਸ ਵਾਲੇ ਸ਼ਬਦ ਨੇ ਦਾਸ ਦੇ ਮਨ ਨੂੰ ਕੁਝ ਟੁੰਬਿਆ। ਇਸ ਸ਼ਬਦ ਦੇ ਅਰਥ ਵਿਚਾਰ ਤੁਛ ਬੁਧੀ ਅਨੁਸਾਰ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ :–

'ਹਰਿ ਮੰਦਰੁ'–ਹਰੀ ਦੇ ਵਸਣ ਦੀ ਥਾਂ ਜਾਂ ਘਰ।

'ਹਰਿ ਮੰਦਰੁ ਏਹੁ ਸਰੀਰੁ ਹੈ' ਤੇ 'ਹਰਿਮੰਦਰੁ ਇਹ ਜਗਤੁ ਹੈ'–

ਇਹ ਸਰੀਰ ਹਰਿਮੰਦਰ ਹੈ ਤੇ ਇਹ ਜਗਤ ਹਰਿ ਮੰਦਰ ਹੈ, ਭਾਵ, ਹਰੀ ਇਸ ਸਰੀਰ ਵਿਚ ਤੇ ਇਸ ਜਗਤ ਵਿਚ ਵਸਦਾ ਹੈ।

ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ–

ਹਰਿ ਮੰਦਰ ਹਰੀ ਦਾ ਹਟ ਹੈ, ਭਾਵ, ਹਰੀਮੰਦਰ ਰੂਪੀ ਸਰੀਰ ਵਿਚ ਹੀ ਹਰੀ ਦੀ ਹਟੀ ਹੈ, ਜਿਸ ਨੂੰ ਸ਼ਬਦ ਦੁਆਰਾ ਸਵਾਰਿਆ ਸਜਾਇਆ ਗਿਆ ਹੈ।

ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ–

ਹਰਿ ਮੰਦਰ (ਸਰੀਰ) ਵਿਚ ਨਾਮ ਦਾ ਖ਼ਜ਼ਾਨਾ ਮੌਜੂਦ ਹੈ।

ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥–

ਇਸ ਸਰੀਰ ਰੂਪ ਹਟ ਵਿਚ 'ਨਾਮ' ਦਾ ਬਿਉਪਾਰ ਹੁੰਦਾ ਹੈ, ਜੋ ਗੁਰਮੁਖ ਜਨ ਸਵਾਰ ਕੇ ਵਿਹਾਜਦੇ ਹਨ, ਖ਼ਰੀਦਦੇ ਹਨ।

ਹਰਿਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸੰਮ੍ਹਾਲਿ ॥੧॥–

ਸ਼ਬਦ ਦੁਆਰਾ ਹੀ ਹਰਿ ਮੰਦਰ-ਸਰੀਰ ਦੀ ਖੋਜ ਹੋ ਸਕਦੀ ਹੈ, ਭਾਵ, ਸਰੀਰ ਵਿਚੋਂ 'ਨਾਮ' ਦੀ ਖੋਜ ਗੁਰ-ਸ਼ਬਦ ਦੀ ਕਮਾਈ ਦੁਆਰਾ ਕੀਤੀ ਜਾ ਸਕਦੀ ਹੈ। 'ਨਾਮ' ਨਾਲ ਮਿਲਾਪ ਹੋਣ ਤੇ 'ਨਾਮ' ਦੀ ਸੰਭਾਲ ਕਰੋ, ਭਾਵ, ਖਿਨ ਖਿਨ ਨਾਮ ਦੀ ਕਮਾਈ ਕਰੇ।

ਜਿਵੇਂ ਦਾਸ ਨੇ ਸਮਝਿਆ, ਉਸ ਅਨੁਸਾਰ ਇਸ ਸ਼ਬਦ ਦਾ ਭਾਵ ਇਸ ਪ੍ਰਕਾਰ ਲਗਦਾ ਹੈ ਕਿ ਅਕਾਲ ਪੁਰਖ ਇਸ ਸਰੀਰ ਵਿਚ ਨਾਮ ਦੀ ਹਾਲਤ (ਅਕਾਲ ਪੁਰਖ ਵਿਚ ਆਈ ਪਹਿਲੀ ਤਬਦੀਲੀ ਦੀ ਹਾਲਤ) ਵਿਚ ਵਸਦਾ ਹੈ, ਜਿਸ ਦੀ ਖੋਜ ਕਰ ਕੇ ਇਸ ਨੂੰ ਹਾਸਲ ਕਰਨਾ ਹੈ। ਸਰੀਰ ਅੰਦਰ ਇਸ ਦੀ ਖੋਜ ਗੁਰ-ਮੰਤਰ ਜਾਂ ਗੁਰ-ਸ਼ਬਦ ਦੀ ਕਮਾਈ ਨਾਲ ਕਰਨੀ ਹੈ। ਜਦੋਂ ਸਾਡੀ ਪਹੁੰਚ ਜਾਂ ਸਾਡਾ ਮਿਲਾਪ ਇਸ ਨਾਮ ਨਾਲ ਹੋ ਗਿਆ,

*ਬਿਲਾਵਲੁ ਮਹਲ੍ਹਾ ੫, ਪੰਨਾ ੮੪੬



www.AKJ.Org

# ਸਿੱਖੀ ਜੀਵਨ ਵਿਚ ਸਿਦਕ-ਭਾਵਨਾ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਰਾਮ ਨਗਰ, ਗੁੜਗਾਉਂ]

ਗੁਰਸਿੱਖੀ ਮਹੱਲ ਦੀ ਬੁਨਿਆਦ ਆਦਿ ਸਤਿਗੁਰੂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੇਵਾ-ਸਿਮਰਨ ਦੀਆਂ ਨੀਹਾਂ ਤੇ ਖੜੀ ਕੀਤੀ। ਉਨ੍ਹਾਂ ਦੇ ਉਤਰ-ਅਧਿਕਾਰੀ ਗੁਰੂ ਜੋਤਾਂ ਨੇ ਸਚਾਈ, ਨਿਮ੍ਰਤਾ, ਮਿੱਠਤ, ਸਹਿਨ ਸ਼ੀਲਤਾ, ਏਕਤਾ, ਮਾਨਵ-ਪਿਆਰ ਆਦਿ ਦੈਵੀ ਸੰਪਦਾ ਦੇ ਗੁਣਾਂ ਦੀਆਂ ਇੱਟਾਂ ਮਸਾਲੇ ਨਾਲ ਇਸ ਮਹੱਲ ਦੀ ਉਸਾਰੀ ਕੀਤੀ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਗ ਤੇ ਕੁਰਬਾਨੀ ਦੇ ਜਜ਼ਬੇ ਨਾਲ ਸਰਵੰਸ ਦਾ ਖ਼ੂਨ ਲਾ ਕੇ ਇਸ ਨੂੰ ਰੰਗੀਨ ਬਣਾਇਆ।

ਇਸ ਮਹੱਲ ਦੇ ਧੁਰ ਉਪਰ (ਸਹਿਜ ਅਵਸਥਾ ਤਕ) ਪੁਜਣ ਲਈ ਯਕੀਨ, ਪਰਤੀਤ, ਸ਼ਰਧਾ ਦੀਆਂ ਪੌੜੀਆਂ ਚੜ੍ਹਦੀਆਂ ਹਨ। ਪਹਿਲੀ ਪੌੜੀ ਸਿਦਕ ਭਾਵਨਾ ਦੀ ਹੈ, ਜਿਸ ਉਪਰ ਪੈਰ ਟਿਕਾ ਕੇ ਗੁਰਸਿੱਖ ਨੇ ਉਪਰ ਪੁਜਣਾ ਹੈ। ਜਿਵੇਂ ਕਿਸੇ ਜ਼ੀਨੇ ਦੀ ਮੁਢਲੀ ਪੌੜੀ ਹੀ ਨਾ ਹੋਵੇ ਤਾਂ ਉੱਪਰ ਚੜ੍ਹਨਾ ਔਖਾ ਹੋ ਜਾਂਦਾ ਹੈ ਤਿਵੇਂ ਗੁਰਸਿੱਖੀ ਜੀਵਨ ਵਿਚ ਸਿਦਕ-ਭਾਵਨਾ ਦੀ ਘਾਟ ਹੋਣ ਕਰਕੇ ਮਨਜ਼ਲ (ਆਤਮਕ ਮਿਲਾਪ) ਤੇ ਨਹੀਂ ਪੁਜਿਆ ਜਾ ਸਕਦਾ। ਗੁਰੂ-ਹੁਕਮਾਂ ਤੇ ਯਕੀਨ ਅਤੇ ਉਪਦੇਸ਼ਾਂ ਤੇ ਅਮਲ ਕਰ ਕੇ ਸਿਦਕ ਦੀ ਅਮੁੱਲ ਦਾਤ ਪ੍ਰਾਪਤ ਕਰੀਦੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :–

ਸਿਦਕੁ ਸਬੂਰੀ ਸਾਦਿਕਾ, ਸਬਰੁ ਤੋਸਾ ਮਲਾਇਕਾਂ ॥
ਦੀਦਾਰੁ ਪੂਰੇ ਪਾਇਸਾ, ਥਾਉ ਨਾਹੀ ਖਾਇਕਾ ॥੨॥੨॥ (ਮ: ੧–੮੩)

ਭਾਵ, ਸਾਦਕਾਂ (ਯਕੀਨ ਵਾਲਿਆਂ) ਨੂੰ ਹੀ ਪੱਕੇ ਸਿਦਕ ਤੇ ਸਬੂਰੀ (ਰਜ਼ਾ ਵਿਚ ਰਾਜ਼ੀ ਰਹਿਣ) ਦੀ ਦਾਤ ਮਿਲਦੀ ਹੈ ਤੇ ਰਜ਼ਾ ਵਿਚ ਰਾਜ਼ੀ ਰਹਿਣਾ (ਭਾਣਾ ਮੰਨਣਾ) ਫ਼ਰਿਸ਼ਤਿਆਂ (ਦੇਵਤਿਆਂ) ਵਾਲੀ ਭਾਵਨਾ ਹੈ। ਇਸ ਦਸ਼ਾ ਵਿਚ ਵਿਚਰ ਕੇ ਹੀ ਪੂਰੇ ਪ੍ਰਭੂ ਦਾ ਦੀਦਾਰ (ਆਤਮਕ ਮੇਲ) ਪ੍ਰਾਪਤ ਕੀਤਾ ਜਾ ਸਕਦਾ ਹੈ। ਇਥੇ ਮੂਰਖਾਂ ਗਪੋੜ੍ਹਆਂ ਦੀ ਥਾਂ ਨਹੀਂ (ਜਿਨ੍ਹਾਂ ਨੇ ਗੁਰਸਿੱਖੀ ਰਹਿਤ ਰਹਿਣੀ ਦੇ ਵਿਰੁੱਧ ਕੁਤਰਕਾਂ ਕਰਨੀਆਂ ਤੇ ਉਜ਼ਰ ਬਹਾਨੇ ਬਣਾਉਣੇ ਹਨ ਤੇ ਪ੍ਰਸ਼ਨ ਉਤਰ ਕਰਨੇ ਹਨ)। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਐਸੇ ਸਿਦਕ-ਹੀਣ ਹੁਜਤੀਆਂ ਨੂੰ ਮੁੱਢ ਤੋਂ ਹੀ ਭੁੱਲੇ ਹੋਏ ਕਥਨ ਕੀਤਾ ਹੈ–

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ (੪੭੪)। ਉਨ੍ਹਾਂ ਦੇ ਪ੍ਰਸ਼ਨ ਉੱਤਰ ਸਾਰੇ ਵਿਅਰਥ ਹਨ

---

✿ ਫੇਰ ਇਸ ਨਾਮ ਨਾਲ ਜੁੜ ਕੇ ਲਗਾਤਾਰ ਇਸ ਦੀ ਸੰਭਾਲ ਜਾਂ ਕਮਾਈ ਕਰਨੀ ਹੈ, ਭਾਵ ਇਹ ਕਿ ਗੁਰ-ਸ਼ਬਦ ਦਾ ਨਾਮ ਨਾਲ ਮਿਲਾਪ ਹੋਣ ਤੇ ਇਹ ਹੀ ਗੁਰ-ਸ਼ਬਦ 'ਨਾਮ' ਬਣ ਜਾਂਦਾ ਹੈ।

ਪੰਨਾ ੫੭੬ ਤੇ "ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ ॥" ਇਸ ਸ਼ਬਦ ਦੁਆਰਾ ਭੀ ਗੁਰ-ਸ਼ਬਦ ਤੇ ਨਾਮ ਦਾ ਵਖਰਾ ਵਖਰਾ ਹੋਣਾ ਪ੍ਰਤੀਤ ਹੁੰਦਾ ਹੈ ਕਿ ਗੁਰ-ਸ਼ਬਦ ਪਾਇਆਂ ਹੀ ਹਰੀ ਦਾ ਨਾਮ ਧਿਆਇਆ ਜਾ ਕੇ, ਵਡਭਾਗੀਂ ਹਰੀ-ਪ੍ਰਭੂ ਦਾ ਹਰਿ ਰੰਗ ਬਣਦਾ ਹੈ। ਗੁਰ-ਸ਼ਬਦ ਅੰਮ੍ਰਿਤ ਛਕਣ ਵੇਲੇ ਪਾਇਆ ਜਾਂਦਾ ਹੈ। ਗੁਰਸ਼ਬਦ ਪਾਇਆਂ ਤੇ ਇਸ ਦੀ ਕਮਾਈ ਕੀਤਿਆਂ ਨਾਮ ਨਾਲ ਸੰਪਰਕ ਹੋਣ ਤੇ ਹੀ ਨਾਮ ਧਿਆਇਆ ਜਾਂਦਾ ਹੈ ਤੇ ਫੇਰ ਹੀ ਵਡਭਾਗੀਆਂ ਦਾ ਹਰਿ ਰੰਗ ਬਣਦਾ ਹੈ।

ਦਾਸ ਦੇ ਗੁਰ-ਸ਼ਬਦ ਨੂੰ 'ਨਾਮ' ਨਹੀਂ ਲਿਖਣ ਤੇ ਹੋ ਸਕਦਾ ਹੈ ਕਿ ਦਾਸ ਦੇ ਵਿਚਾਰ ਅਨੁਸਾਰ ਸ਼ੰਕਾਵਾਦੀ ਗੁਰਮੁਖ ਪਿਆਰਿਆਂ ਨੂੰ ਇਹ ਸ਼ੰਕਾ ਹੋ ਗਈ ਹੋਵੇ ਕਿ ਦਾਸ ਵਾਹਿਗੁਰੂ ਨੂੰ 'ਨਾਮ' ਨਹੀਂ ਸਮਝਦਾ ਤੇ ਕਿਸੀ ਹੋਰ ਸ਼ਬਦ ਨੂੰ ਨਾਮ ਸਮਝਦਾ ਹੋਵੇ। ਪਰ ਐਸਾ ਨਹੀਂ ਹੈ। ਖਾਲਸੇ ਦਾ ਗੁਰ-ਮੰਤਰ ਭੀ ਤੇ ਨਾਮ ਵੀ "ਵਾਹਿਗੁਰੂ" ਹੈ। ਪਹਿਲੀ ਸਟੇਜ ਵਿਚ ਗੁਰ-ਸ਼ਬਦ ਤੇ ਆਖਰੀ ਸਟੇਜ ਤੇ ਇਹ ਗੁਰ-ਸ਼ਬਦ ਹੀ ਨਾਮ ਨਾਲ ਮਿਲ, ਨਾਮ ਬਣ ਜਾਂਦਾ ਹੈ।



www.AKJ.Org

ਤੇ ਉਨ੍ਹਾਂ ਦੀ ਕੋਈ ਵੀ ਘਾਲ ਥਾਇ ਨਹੀਂ ਪੈਂਦੀ :–"ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ।੨।੨੧॥ ਦਸਮ ਪਾਤਸ਼ਾਹ ਜੀ ਦੇ ਆਸ਼ਕ ਸਾਦਕ ਹਜ਼ੂਰੀ ਕਵੀ ਭਾਈ ਨੰਦ ਲਾਲ ਜੀ ਨੇ ਇਸ ਵਿਚਾਰ ਨੂੰ ਇੰਜ ਬਿਆਨ ਕੀਤਾ ਹੈ :– 'ਫ਼ਿਦਾਇ ਓ ਸੌ, ਵ ਉਜ਼ਰੇ ਮਖ਼ਾਹ, ਐ ਗੋਇਆ।

ਕਿ: ਦਰ ਤਰੀਕਤਿ ਮਾ, ਜਾਏ ਉਜ਼ਰ-ਖ਼ਾਹੀ ਨੇਸਤ। (ਗ਼ਜ਼ਲ ੯)

ਅਨੁਵਾਦ–ਹੋ ਕੁਰਬਾਨ ਪਿਆਰੇ ਉਪਰੋਂ, ਉਜ਼ਰ ਵਿਚਾਲੇ ਆਣ ਨਹੀਂ।
ਮੱਤ ਅਸਾਡੇ ਦੇ ਵਿਚ ਗੋਇਆ, ਉਜ਼ਰ ਕਰਨ ਪਰਵਾਨ ਨਹੀਂ।

ਜਿਵੇਂ ਸਮੁੰਦਰ ਵਿਚ ਤਰਦੀ ਬੇੜੀ ਅੰਦਰ ਪਿਆ ਇਕ ਛੇਕ ਸਾਰੇ ਪੂਰ ਨੂੰ ਡੋਬਣ ਦਾ ਕਾਰਨ ਬਣ ਜਾਂਦਾ ਹੈ, ਤਿਵੇਂ ਹੀ ਸਿੱਖੀ ਜੀਵਨ ਵਿਚ ਸਿਦਕ ਦੀ ਘਾਟ ਤ੍ਰੇੜ ਬਣ ਕੇ ਬੁਨਿਆਦ ਨੂੰ ਹਿਲਾ ਦੇਂਦੀ ਹੈ ਤੇ ਜੀਵਨ-ਮਹੱਲ ਢਹਿ-ਢੇਰੀ ਹੋ ਜਾਂਦਾ ਹੈ।

ਸਿਦਕ-ਹੀਣ ਮਨੁੱਖ ਨਾਲ ਮਿਤ੍ਰਤਾ ਰਖਣੀ ਲਾਹੇਵੰਦੀ ਨਹੀਂ, ਕਿਉਂਕਿ ਉਸ ਦੀ ਵਿਚਾਰਧਾਰਾ ਸਿਦਕਵਾਨ ਨੂੰ ਵੀ ਡੀਗਨ-ਡੋਲਿਆਂ ਵਿਚ ਪਾ ਦੇਣ ਦਾ ਕਾਰਨ ਬਣਦੀ ਹੈ। ਕਲਗੀਧਰ ਜੀ ਦੇ ਇਕ ਸਿਦਕਵਾਨ ਕਵੀ ਜੀ ਨੇ ਕਿਹਾ ਹੈ :— ਇਕ ਨੇਹਾ ਮੇਰੇ ਸਤਿਗੁਰ ਵਾਲਾ, ਮੇਰੇ ਸੀਨੇ ਅੰਦਰ ਪੁੜਿਆ।

ਹੁਣ ਤੇ ਮੁੜਿਆਂ ਬਣਦੀ ਨਾਹੀ, ਜਦ ਸਨਮੁਖ ਮੱਥਾ ਜੁੜਿਆ।
ਭੰਨੀ ਭੰਨੀ ਪੱਤਣ ਵੰਞਾਂ, ਅੱਗੋਂ ਬੇੜਾ ਹੁੜਿਆ।
ਤਿਨ੍ਹਾਂ ਨਾਲੋਂ ਟੁੱਟੀ ਭੱਲੀ, ਸਿਦਕ ਜਿਨ੍ਹਾਂ ਦਾ ਮੁੜਿਆ। (ਅਗਿਆਤ)

ਸਿਦਕ ਦੇ ਜਜ਼ਬੇ ਨੂੰ ਕਾਇਮ ਤੇ ਪ੍ਰਫੁਲਤ ਰੱਖਣ ਲਈ ਦੋ ਵੇਲੇ ਸਤਿਸੰਗ ਦੀ ਲੋੜ ਹੈ, ਜਿੱਥੋਂ ਗੁਰਮਤਿ ਗਾਡੀ-ਰਾਹ ਤੇ ਨਿਝੱਕ ਹੋ ਕੇ ਤੁਰੇ ਜਾਣ ਦੀ ਪ੍ਰੇਰਨਾ ਮਿਲਦੀ ਹੈ ਅਤੇ ਰਜ਼ਾ ਵਿਚ ਰਾਜ਼ੀ ਰਹਿਣ ਤੇ "ਜੋ ਤੁਧੁ ਭਾਵੈ ਸਾਈ ਭਲੀ ਕਾਰ" ਦੀ ਗੁੜ੍ਹਤੀ ਪ੍ਰਾਪਤ ਹੁੰਦੀ ਹੈ। ਸਾਧ ਸੰਗਤ ਹੀ "ਸੁਖੁ ਦੁਖੁ ਦੋਨੋ ਸਮ ਕਰਿ ਜਾਨੈ"* ਦਾ ਉਦੇਸ਼ ਗ੍ਰਹਿਣ ਕਰਨ ਲਈ ਪ੍ਰੇਰਨਾ-ਸ੍ਰੋਤ ਹੈ। ਸਿਦਕ ਤੇ ਯਕੀਨ ਦੀ ਪ੍ਰਪਕਤਾ ਨੂੰ ਸਾਧ ਸੰਗਤ ਵਿਚੋਂ ਹੀ ਮਜੀਠੀ ਰੰਗ ਚੜ੍ਹਦਾ ਹੈ ਤੇ ਡੀਗਨ-ਡੋਲੇ ਸਦਾ ਲਈ ਸਮਾਪਤ ਹੋ ਜਾਂਦੇ ਹਨ–

ਏਕ ਟੇਕ ਗੋਬਿੰਦ ਕੀ ਤਿਆਗੀ ਅਨ ਆਸ ॥੧॥੪੮॥ [ਬਿਲਾਵਲੁ ਮ: ੫–੮੦੨

ਸਬਕ ਦ੍ਰਿੜ੍ਹ ਹੋ ਜਾਂਦਾ ਹੈ ਤੇ ਇੰਜ ਜੀਵਨ-ਬੇੜਾ ਗੁਰੂ ਆਸਰੇ ਠਿਲ੍ਹਦਾ ਪਾਰ ਕਿਨਾਰੇ ਲਗਦਾ ਹੈ। ਕਲਗੀਧਰ ਜੀ ਦੇ ਇਕ ਹਜ਼ੂਰੀ ਕਵੀ ਦੀ ਲਖੀ ਜੰਗਲ ਵਿਚ ਲਾਈ ਸੱਦ :–

ਗੁਰ ਗੋਬਿੰਦ ਜਿਨ੍ਹਾਂ ਦੇ ਸਿਰ ਤੇ ਤਿਨ੍ਹਾਂ ਨੂੰ ਕਮੀ ਨ ਕਾਈ।
ਖਾਵਨ ਪੀਵਨ ਤੇ ਭੋਗਨ ਭੁੰਚਨ ਭਾਗ ਉਨ੍ਹਾਂ ਦੇ ਆਈ।
ਕਰਨ ਅਰਦਾਸ ਸਤਿਗੁਰ ਦੇ ਅੱਗੇ ਸਤਿਗੁਰ ਹੋਗ ਸਖਾਈ।
'ਅਡਾ' ਮੈਂ ਕੁਰਬਾਨ ਤਿਨ੍ਹਾਂ ਤੋਂ ਜਿਨ੍ਹਾਂ ਮਨ ਪਰਤੀਤ ਸਵਾਈ।
ਮਨ ਪਰਤੀਤ ਜਿਨ੍ਹਾਂ ਦੇ ਵੁੱਠੀ, ਕਾਜ ਉਨ੍ਹਾਂ ਦੇ ਹੋਏ।
ਗੁਰੂ ਗੋਬਿੰਦ ਸਿੰਘ ਦਾ ਦਰਸ਼ਨ ਕੀਤਾ ਮੁਕਤ ਪ੍ਰਾਪਤ ਹੋਏ। (ਨਿਜੀ ਡਾਇਰੀ ੧੯੬੫)

ਸਿਦਕਵਾਨ ਦੀ ਆਤਮਕ ਦਸ਼ਾ :–

ਜੀਵਨ-ਬੇੜ੍ਹਾ ਠੇਲ੍ਹ ਦਿਤੈ ਉਸ ਵਗਦੇ ਸ਼ਹੁ ਦਰਿਆ ਦੇ ਅੰਦਰ।
ਆਪੇ ਪਾਰ ਕਰੇਗਾ ਜਿਸ ਨੇ ਰਖਿਆ ਹੋਇਐ ਰਜ਼ਾ ਦੇ ਅੰਦਰ।
ਕਪਰਾਂ ਦੀ ਨਾ ਚਿੰਤਾ ਏ, ਨਾ ਫ਼ਿਕਰ ਕੋਈ ਤੂਫ਼ਾਨਾਂ ਦਾ;
ਸਿਦਕ ਭਾਵ੍ਨਾ ਹੱਦਾਂ ਟਪ ਕੇ, ਪੁੱਜੀ ਰੰਗ ਸ਼ੁਦਾ ਦੇ ਅੰਦਰ।

* ਗਉੜੀ ਮਹਲਾ ੯, ਪੰਨਾ ੨੧੯


www.AKJ.Org

ਪੱਤਣ ਤੇ ਵੀ ਆਪ ਖਲੋਤੇ ਬੇੜੇ ਦੀਆਂ ਉਡੀਕਾਂ ਵਿਚ;
ਲਾਈਟ-ਹਾਊਸ ਬਣ ਚਾਨਣ ਦੇਂਦਾ, ਦਿੱਸੇ ਜਲ-ਅਸਗਾਹ ਦੇ ਅੰਦਰ।
ਡੋਬੇ ਤਾਰੇ ਸਾਦਕ ਨੂੰ, ਇਹ ਫ਼ਿਕਰ ਨਹੀਂ ਇਕ ਰੱਤੀ ਭਰ ਵੀ;
ਓਹ ਤੇ ਲੱਗਾ ਏ ਬਸ 'ਮਿੱਤਰ', ਉਸ ਦੀ ਸਿਫ਼ਤ-ਸਨਾ ਦੇ ਅੰਦਰ।

ਪ੍ਰਭੂ-ਦਰ ਦੇ ਸਿਦਕਵਾਨ ਖਾਲਸੇ ਨੇ ਰਹਿਤ-ਰਹਿਣੀ ਵਿਚ ਕਦੇ ਢਿਲਿਆਈ ਨਹੀਂ ਆਉਣ ਦਿਤੀ। ਉਹ ਸਦਾ ਗੁਰ-ਬਖਸ਼ੇ ਅੰਮ੍ਰਿਤ-ਨਾਮ ਦੀ ਕਮਾਈ ਸਾਸ ਗ੍ਰਾਸ ਕਰਦਿਆਂ ਅਡੋਲ ਵਿਚਰਦਾ ਰਿਹਾ। ਇਜੇ ਉਚੇ ਸੁਚੇ ਸਿਦਕੀ ਜੀਵਨ ਸਦਕਾ ਖਾਲਸੇ ਨੇ ਮੁਗ਼ਲ ਕਾਲ ਦੇ ਭਿਆਨਕ ਕਸ਼ਟ ਸਹਿੰਦਿਆਂ, ਆਪਣੇ ਸਿਰਾਂ ਦਾ ਮੁਲ ਪਵਾ, ਜੰਗਲਾਂ-ਬੇਲਿਆਂ ਦੀ ਹਨੇਰੀਆਂ ਗੁਫ਼ਾਂ ਵਿਚ ਸਾਲਾਂ ਬਧੀ ਡੇਰੇ ਲਾਈ ਰਖੇ। ਨਾ ਘਰ ਨਾ ਘਾਟ, ਨਾ ਖਾਣ ਨਾ ਪਹਿਰਾਣ, ਨੰਗ-ਧੜੰਗ ਰਹਿ ਕੇ ਵੀ ਖਾਲਸਾ ਚੜ੍ਹਦੀਆਂ ਕਲਾਂ ਵਿਚ ਰਿਹਾ। ਐਸੀ ਬਿਖੜੀ ਦਸ਼ਾ ਵਿਚ ਫਿਰਦਿਆਂ ਜੇ ਕੋਈ ਸਿੰਘ ਜਾਂ ਸਿੰਘਣੀਆਂ, ਗਸ਼ਤੀ ਫ਼ੌਜਾਂ ਦੇ ਕਾਬੂ ਆ ਜਾਂਦੇ ਤਾਂ ਉਹ ਲਾਹੌਰ ਨਿਖਾਸ ਚੌਕ ਵਿਚ ਲਿਆਂਦੇ ਜਾਂਦੇ। ਕੋਈ ਲਾਲਚ ਜਾਂ ਐਸ਼ਵਰਜ ਉਨ੍ਹਾਂ ਦੇ ਸਿਦਕ ਨੂੰ ਡੁਲਾ ਨਾ ਸਕਦੇ। ਦਿਲ-ਕੰਬਾਊ ਤਸੀਹੇ ਸਹਿ ਕੇ ਵੀ ਉਹ ਸਿੱਖੀ ਸਿਦਕ ਤੋਂ ਨਾ ਡੋਲਦੇ ਅਤੇ ਪੋਰਾ ਪੋਰਾ ਕਟੇ ਜਾ ਕੇ ਸ਼ਹੀਦੀਆਂ ਪਾ ਜਾਂਦੇ। ਇਹ ਸਿੱਖੀ ਸਿਦਕ ਹੀ ਸੀ ਕਿ ਭਾਈ ਮਤੀ ਦਾਸ ਜੀ ਦੇਗ ਵਿਚ ਉਬਾਲੇ ਗਏ, ਪਰ ਸਤਿਗੁਰੂ ਤੋਂ ਬੇਮੁਖ ਨਾ ਹੋਏ। ਸਿੱਖੀ ਸਿਦਕ ਨੂੰ ਨਿਭਾਂਦਿਆਂ ਹੀ ਭਾਈ ਦਿਆਲਾ ਜੀ ਆਰੇ ਨਾਲ ਚੀਰੇ ਜਾ ਕੇ ਦੋ ਫਾੜ ਹੋ ਗਏ, ਪਰ ਹਤਿਆਰਿਆਂ ਦਾ ਕੋਈ ਵੀ ਡਰਾਵਾ ਕਬੂਲ ਨਾ ਕੀਤਾ। ਭਾਈ ਮਨੀ ਸਿੰਘ ਜੀ ਬੰਦ ਬੰਦ ਜੁਦਾ ਕਰਵਾ ਕੇ ਸਿੱਖੀ ਦੀ ਸ਼ਮ੍ਹਾ ਤੋਂ ਕੁਰਬਾਨ ਹੋ ਗਏ, ਪਰ ਜ਼ਾਲਮ ਦੀ ਕੋਈ ਵੀ ਈਨ ਪਰਵਾਨ ਨਾ ਕੀਤੀ। ਭਾਈ ਤਾਰੂ ਸਿੰਘ ਜੀ ਨੇ ਸਿਰ ਦੀ ਖੋਪਰੀ ਲੁਹਾ ਲਈ, ਪਰ ਕੇਸਾਂ ਦੀ ਬੇਅਦਬੀ ਕਰਵਾਣੀ ਪਰਵਾਨ ਨਾ ਕੀਤੀ। ਇਉਂ ਬੇਅੰਤ ਸਿੰਘ ਤੇ ਸਿੰਘਣੀਆਂ ਸਿਦਕ-ਭਾਵਨਾ ਵਿਚ ਰਹਿੰਦੇ ਹੋਏ ਗੁਰਸਿੱਖੀ ਦੇ ਉਚੇ ਸੁੱਚੇ ਪੂਰਨੇ ਪਾ ਗਏ ਅਤੇ ਰਹਿੰਦੀ ਦੁਨੀਆ ਤਕ ਸਿਖ ਇਤਿਹਾਸ ਨੂੰ ਆਪਣੇ ਸਿਦਕੀ ਕਾਰਨਾਮਿਆਂ ਨਾਲ ਚਮਕਾ ਕੇ ਉਜਲਾ ਕਰ ਗਏ।

ਪੁਰਾਤਨ ਸਮਿਆਂ ਵਿਚ ਖਾਲਸਾ ਜੀ ਦਾ ਜੀਵਨ ਇਤਨਾ ਗੁਰੂ-ਪ੍ਰਾਇਣ ਸੀ ਕਿ ਕਿਸੇ ਇਕ ਸਿੱਖ ਬੱਚੇ ਜਾਂ ਬੀਬੀ ਤਕ ਦੀ ਵੀ ਅਜਿਹੀ ਮਿਸਾਲ ਨਹੀਂ ਮਿਲਦੀ, ਜਿਸ ਨੇ ਆਪਣੀ ਜਾਨ ਬਚਾਣ ਲਈ ਸਿੱਖੀ ਨੂੰ ਤਿਲਾਂਜਲੀ ਦਿਤੀ ਹੋਵੇ, ਪਰ ਅੱਜ ਸਿੱਖੀ ਜੀਵਨ ਤੋਂ ਕੋਰੇ, ਰਹਿਤ ਰਹਿਣੀ ਤੋਂ ਵਿਰਵੇ ਅਤੇ ਸੇਵਾ-ਸਿਮਰਨ ਤੋਂ ਵਾਂਝੇ ਕੁਤਰਕਾਂ ਤੇ ਉਜ਼ਰ ਬੋਹਾਨੇ ਬਣਾਉਣ ਵਾਲੇ ਨਾਮ-ਧਰੀਕ ਸਿਖਾਂ ਵਿਚੋਂ ਕਈ ਐਸ਼ੇ ਵੀ ਨਿਕਲੇ, ਜੋ ਦਿਲੀ ਕਾਨਪੁਰ ਆਦਿ ਦੇ ਬੀਤੇ ਘਲੂਘਾਰੇ ਵਿਚ ਜਾਨ ਪਿਆਰੀ ਕਰਦਿਆਂ ਕੇਸ ਕਟਾ ਕੇ ਬੇਸਿਦਕੀ ਦਾ ਕਲੰਕ ਲਗਾ ਗਏ।

ਗੁਰਸਿੱਖੀ ਹੈ ਹੀ ਸਿਦਕ-ਭਾਵਨਾ ਦੀ। ਗੁਰਸਿਖ ਇਸ ਪ੍ਰੇਮ ਦੀ ਗਲੀ ਵਿਚ ਪ੍ਰਵੇਸ਼ ਕਰਨ ਲਗਾ, ਨਾਮ-ਅੰਮ੍ਰਿਤ ਦੀ ਪ੍ਰਾਪਤੀ ਕਰਨ ਸਮੇਂ ਆਪਣਾ ਸੀਸ ਗੁਰੂ-ਅਰਪਣ ਕਰਨ ਦਾ ਪ੍ਰਣ ਲੈਂਦਾ ਹੈ। ਸਿਖ ਗੁਰੂ-ਚਰਨਾਂ ਦੇ ਪ੍ਰੇਮ ਤੋਂ ਕਦੇ ਟੁਟਦਾ ਨਹੀਂ, ਸਗੋਂ ਉਹ ਸਿਦਕ, ਵਿਸ਼ਵਾਸ ਤੇ ਭਰੋਸੇ ਨਾਲ ਆਪਣਾ ਤਨ ਮਨ, ਧਨ ਸਭ ਕੁਝ ਗੁਰੂ ਕੀ ਅਮਾਨਤ ਸਮਝਦਾ ਹੈ ਅਤੇ ਲੋੜ ਪੈਣ 'ਤੇ ਗੁਰਸਿੱਖੀ ਖ਼ਾਤਰ, ਅਤੇ ਗੁਰ-ਅਸਥਾਨਾਂ ਦੀ ਪਵਿਤਰਤਾ ਕਾਇਮ ਰਖਣ ਖ਼ਾਤਰ ਆਪਣਾ ਸ਼ੀਸ ਤਕ ਕੁਰਬਾਨ ਕਰ ਦੇਣ ਤੋਂ ਸੰਕੋਚ ਨਹੀਂ ਕਰਦਾ।

---

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸ਼ੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।


www.AKJ.Org

# ਵੰਡ ਕੇ ਛਕਿਆ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਗੁਰੂ ਨਾਨਕ ਦੇਵ ਜੀ ਨੇ ਜੋ ਤ੍ਰਿੰਨ-ਸੂਤ੍ਰੀ ਧਰਮਾਦੇਸ਼ ਮਨੁੱਖ-ਜਾਤੀ ਨੂੰ ਦ੍ਰਿੜ੍ਹ ਕਰਵਾਇਆ, ਉਹ ਸੀ : ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ । ਨਾਮ ਜਾਂ (ਸਤਿ) ਅਸਤਿਤਵ ਦਾ ਸੰਕਲਪ ਹੈ। ਕਿਰਤ ਕਰਨੀ ਤੇ ਵੰਡ ਛਕਣਾ, ਕ੍ਰਮਵਾਰ, ਵਿਅਕਤੀਗਤ ਤੇ ਸਮੂਹਕ ਪੱਧਰ ਦੇ ਨੈਤਿਕ ਸੰਕਲਪ ਹਨ । ਇਉਂ ਲਗਦਾ ਹੈ, ਸਤਿਗੁਰਾਂ ਨੇ ਨੈਤਿਕ ਤੇ ਅਸਤਿਤਵਵਾਦੀ ਸਰੋਕਾਰਾਂ ਨੂੰ ਇਕ ਸਾਥ ਨਾਲ ਨਾਲ ਰਖਿਆ ਹੈ। ਸ਼ਾਇਦ ਇਹੋ ਕਾਰਨ ਹੈ ਕਿ ਬਾਣੀ ਵਿਚ ਕਈ ਥਾਂ ਸਮਾਜ-ਕਲਿਆਣ (ਨੈਤਿਕ ਸੰਕਲਪ) ਨੂੰ ਇਸ ਤਰ੍ਹਾਂ ਦਾ ਸੱਚ (ਅਸਤਿਤਵੀ ਸੰਕਲਪ) ਕਰ ਕੇ ਹੀ ਮੰਨਿਆ ਗਿਆ ਹੈ। ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ।

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ। ਮ: ੧ (੪੬੮-੧੧)

ਪੁੰਨ, ਦਾਨ, ਦਇਆ ਆਦਿ ਨੈਤਿਕ ਧਰਮ ਹਨ, ਜਿਨ੍ਹਾਂ ਦੀ ਸਿਖਿਆ ਸੱਚੀ ਸਿਖਿਆ ਹੈ। ਇਸ ਸਚਿਆਰ ਧਰਮ ਤੋਂ ਹੀ ਸੱਚ ਜਾਣਿਆ ਜਾਂਦਾ ਹੈ। ਵੰਡ ਕੇ ਛਕਣਾ ਵੀ ਐਸਾ ਹੀ ਸਚਿਆਰ ਧਰਮ ਹੈ।

ਵੰਡ ਛਕਣ ਦੀ ਬੁਨਿਆਦ ਕਿਰਤ ਕਰਨ ਉਪਰ ਹੈ। "ਜਪੀਐ ਨਾਮੁ ਜਪੀਐ ਅੰਨੁ" (੮੭੩) ਵਿਚ ਅੰਨ ਤੋਂ ਭਾਵ ਸੁੱਚੀ ਉਪਜੀਵਕਾ ਦਾ ਸਾਧਨ ਕਰਨਾ ਹੈ। ਜੋ ਧਰਮ ਦੀ ਕਿਰਤ ਨਹੀਂ ਕਰਦਾ, ਉਹ ਜਾਂ ਮੰਗਦਾ ਹੈ, ਜਾਂ ਲੁੱਟਦਾ ਹੈ। ਐਸੇ ਨਖਿੱਧ ਕਰਮਾਂ ਦੀ ਸਿੱਖੀ ਵਿਚ ਕੋਈ ਥਾਂ ਨਹੀਂ । ਸਿਖ ਨੂੰ ਤਾਂ ਦਸਾਂ ਨਹੁੰਆਂ ਦੀ ਧਰਮ-ਕਿਰਤ ਕਰਨ ਦਾ, ਸੁੱਚੀ ਮੇਹਨਤ ਦੀ ਘਾਲ ਕਮਾਈ ਕਰਨ ਦਾ ਹੀ ਆਦੇਸ਼ ਹੈ। ਕਿਰਤ ਵਿਚ ਸਦੀਵੀ ਪਵਿਤ੍ਰਤਾ ਦਾ ਪ੍ਰਵੇਸ਼ ਹੈ। ਇਸ ਰਾਹੀਂ ਕਰਤਾਰੀ ਸ਼ਕਤੀ ਸਾਡੀ ਕਮਾਈ ਵਿਚੋਂ ਪ੍ਰਗਟ ਹੁੰਦੀਹੈ।

ਜਦੋਂ ਬਾਬਾ ਨਾਨਕ ਜੀ ਦੀ ਨਿਰੰਕਾਰ ਨਾਲ ਗੋਸ਼ਟਿ ਹੋਈ ਤਾਂ ਬਾਬੇ ਨੂੰ ਆਦੇਸ਼ ਹੋਇਆ, "...ਤੂੰ ਨਾਨਕ ਹੈਂ, ਤੇਰਾ ਪੰਥ ਚਲੈਗਾ।...ਤੂੰ ਵਸਤੂ ਦ੍ਰਿੜਾਵਣੀਆਂ ਆਪਣੇ ਪੰਥ ਕਉ ਨਾਮੁ ਦਾਨੁ ਇਸਨਾਨੁ। ਗ੍ਰਹਸਤ ਵਿਚ ਅਲੇਪ ਰਹਿਣਾ। ਸੰਜਮੁ ਕਰਣਾ। ਘਾਲ ਕਮਾਇ ਖਾਣਾ। ਮੇਰੇ ਅਰਥ ਦੇਣਾ। ਜਾਹਿ ਅਪਣਿਆਂ ਸੇਵਕਾਂ ਨੂੰ ਕਿਰਤ ਦ੍ਰਿੜ੍ਹ ਕਰਾਵਣੀ। ਮੇਰੇ ਨਾਮ ਬਿਨਾ ਅਵਰ ਬੀਚਾਰ ਨਹੀਂ ਕਰਣਾ।"* ਇਉਂ ਗੁਰੂ ਬਾਬੇ ਨੂੰ ਨਾਮ ਜਪਾਉਣ ਦੇ ਨਾਲ ਨਾਲ ਕਿਰਤ ਦ੍ਰਿੜ੍ਹਾਵਣ ਦਾ ਇਲਾਹੀ ਆਦੇਸ਼ ਵੀ ਹੋਇਆ। ਘਾਲ ਕਮਾ ਕੇ ਹੱਥੋਂ ਦੇਵਣਾ ਹੀ ਗੁਰਮਤ ਦਾ ਰਾਹ ਪਛਾਨਣਾ ਹੈ। ਧਰਮ ਦੀ ਕਮਾਈ ਨੂੰ ਪਰਮਾਤਮਾ ਦੀ ਦਾਤ ਸਮਝਣਾ ਹੈ, ਆਪਣੀ ਮਿਹਨਤ ਦਾ ਸਿੱਟਾ ਨਹੀਂ। ਜਦ ਇਹ ਦਾਤ ਪਰਮਾਤਮਾ ਦੀ ਹੀ ਹੈ ਤਾਂ ਇਸ ਉਪਰ ਸਾਰੇ ਸਾਂਝੀਵਾਲਾਂ ਦਾ ਹੱਕ ਹੈ।

ਇਤਿਹਾਸ ਵਿਚ ਇਕ ਸਾਕਾ ਆਉਂਦਾ ਹੈ : ਫ਼ਰਖ਼ਸੀਅਰ ਦੇ ਹੁਕਮ ਨਾਲ ਵਖ ਵਖ ਉਮਰ ਦੇ ਚਾਰ ਸਿੰਘਾਂ ਨੂੰ ਬੰਦੀ ਪਾ ਦਿਤਾ ਗਿਆ। ਚਾਰ ਦਿਨ ਲਗਾਤਾਰ ਉਨ੍ਹਾਂ ਨੂੰ ਭੁੱਖਿਆਂ ਰਖਿਆ ਗਿਆ। ਫਿਰ ਦੋ ਰੋਟੀਆਂ ਉਨ੍ਹਾਂ ਅੱਗੇ ਪਾ ਦਿਤੀਆਂ ਗਈਆਂ । ਕੁਝ ਚਿਰ ਤਾਂ ਉਹ ਦੋਵੇਂ ਰੋਟੀਆਂ ਉਵੇਂ ਪਈਆਂ ਰਹੀਆਂ, ਕਿਸੇ ਉਹਨਾਂ ਵਲ ਹੱਥ ਨ ਵਧਾਇਆ। ਫਿਰ ਉਹਨਾਂ ਚੌਹਾਂ ਚੋਂ ਜਿਹੜਾ ਸਭ ਤੋਂ ਬਿਰਧ ਸੀ, ਉਸ ਨੇ ਉਹ ਦੋਵੇਂ ਰੋਟੀਆਂ ਚੁਕ ਕੇ ਸਭ ਤੋਂ ਛੋਟੇ, ਬਾਲਕ, ਅੱਗੇ ਧਰ ਦਿਤੀਆਂ ਤੇ ਕਿਹਾ, "ਬੇਟਾ ਇਹ ਤੂੰ ਛਕ ਲੈ।" ਬਾਲਕ ਨੇ ਆਪਣੇ ਅੱਗੋਂ ਚੁਕੀਆਂ ਤੇ ਨੌਜੁਆਨ ਸਿੰਘ ਅੱਗੇ ਲਿਆ ਧਰੀਆਂ ਤੇ ਕਿਹਾ, "ਮੈਂ ਤਾਂ ਛੋਟਾ ਹਾਂ, ਅਜੇ ਲੜ ਨਹੀਂ ਸਕਦਾ, ਤੁਸੀਂ ਲੜ ਸਕਦੇ ਹੋ, ਇਹ ਤੁਸੀਂ ਛਕੋ ਤਾਂ ਜੁ ਤੁਸੀਂ ਤਕੜੇ ਹੋ ਕੇ ਲੜ ਸਕੋ।" ਨੌਜੁਆਨ ਨੇ ਚੁਕੀਆਂ ਤੇ ਅਧਖੜ ਵੀਰ ਅੱਗੇ ਜਾ ਧਰੀਆਂ ਤੇ ਆਖਿਆ, "ਮੈਂ ਅਜੇ ਚਾਰ ਦਿਨ ਹੋਰ ਕਢ ਸਕਦਾ ਹਾਂ, ਕਿਰਪਾ ਕਰ ਕੇ ਤੁਸੀਂ ਛਕ ਲਉ।" ਉਸ ਨੇ ਆਪਣੇ ਅੱਗੋਂ ਚੁਕ ਕੇ ਬਜ਼ੁਰਗ ਬਾਬੇ ਅੱਗੇ ਰਖ ਦਿਤੀਆਂ ਤੇ ਬੇਨਤੀ ਕੀਤੀ, "ਬਾਬਾ ਜੀ, ਅਸੀਂ ਸਾਰੇ ਅਜੇ ਜੀਊਂਦੇ ਰਹਿ ਸਕਦੇ ਹਾਂ, ਤੁਹਾਡਾ ਸਰੀਰ ਸਮੇਂ ਨੇ ਨਿਰਬਲ ਕਰ ਦਿਤਾ ਹੈ । ਕਿਰਪਾ ਕਰਕੇ ਇਹ ਪਰਸ਼ਾਦੇ ਤੁਸੀਂ ਛਕ ਲਉ।" ਬਿਰਧ ਬਾਬੇ ਨੇ ਦੁਬਾਰੇ ਇਹ ਰੋਟੀਆਂ ਬਾਲਕ ਦੇ ਅੱਗੇ ਧਰ ਦਿਤੀਆਂ ਤੇ ਕਿਹਾ, "ਬੇਟਾ, ਤੂੰ ਸਾਡੇ

* ਜਨਮ ਸਾਖੀ B 40, ਸੰਪਾਦਕ ਡਾ: ਪਿਆਰ ਸਿੰਘ, 1974, ਪੰਨਾ 99



www.AKJ.Org

ਭਵਿਖ ਦੀ ਆਸ ਹੈਂ, ਤੂੰ ਇਹ ਪਰਸ਼ਾਦੇ ਛਕ ਲੈ ਤੇ ਸਾਡੇ ਭਵਿਖ ਨੂੰ ਉਜਲਾ ਹੋਣ ਦੇ।" ਪਰ ਬਾਲਕ ਫਿਰ ਵੀ ਉਹ ਰੋਟੀਆਂ ਛਕਣ ਲਈ ਤਿਆਰ ਨ ਹੋਇਆ । ਅੰਤ ਸਭ ਨੇ ਅੱਧੀ ਅੱਧੀ ਰੋਟੀ ਵੰਡ ਕੇ ਛਕ ਲਈ ਤੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ । ਇਹ ਸਾਕਾ ਇਕੋ ਵੇਲੇ ਸਾਡੇ ਇਤਫ਼ਾਕ ਦੀ ਮਿਸਾਲ ਹੈ, ਸਾਡੇ ਆਚਰਣ ਦੀ ਮਿਸਾਲ ਹੈ, ਸੁਆਰਥ-ਹੀਨਤਾ ਦੀ ਮਿਸਾਲ ਹੈ, ਤੇ ਵੰਡ ਛਕਣ ਦੀ ਮਿਸਾਲ ਹੈ।

ਵੰਡ ਛਕਣ ਦਾ ਨੇਮ ਪਰਮੇਸ਼ਰ ਦੀ ਪਿਤ੍ਰਤਾਈ ਤੇ ਮਨੁੱਖ ਮਾਤ੍ਰ ਦੀ ਭ੍ਰਾਤ੍ਰਤਾ ਨੂੰ ਸ੍ਵੀਕਾਰ ਕਰਨ ਦਾ ਚਿੰਨ੍ਹ ਹੈ। ਏਹੋ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਨ ਦਾ ਸਾਧਨ ਵੀ ਹੈ :

ਕਰੇ ਪ੍ਰਸਾਦਿ ਸਿਖ ਸੁਖ ਪਾਵੈ। ਤਿਸ ਸਿਖ ਕੇ ਗੁਰ ਵਾਰਨੇ ਜਾਵੈ। —ਰਹਿਤਨਾਮਾ ਭਾ: ਪ੍ਰਹਿਲਾਦ ਸਿੰਘ

ਕੇਵਲ ਮਿਤ੍ਰਾਂ ਨੂੰ ਹੀ ਨਹੀਂ, ਵੈਰੀਆਂ ਨੂੰ ਵੀ ਉਸੇ ਪਿਤਾ ਦੇ ਪੁੱਤਰ ਸਮਝਣਾ। ਉਨ੍ਹਾਂ ਨਾਲ ਵੀ ਉਸੇ ਤਰ੍ਹਾਂ ਵੰਡ ਕੇ ਛਕਣਾ ਬਣਦਾ ਹੈ, ਜਿਸ ਤਰ੍ਹਾਂ ਮਿਤ੍ਰਾਂ ਨਾਲ ਛਕੀਦਾ ਹੈ। ਗੁਰੂ ਕੇ ਸਿਖ ਨਾਲ ਤਾਂ ਜੋ ਵੈਰ ਕਰਨ ਵੀ ਆਵੇ, ਉਹ ਵੀ ਗੁਰੂ ਕੇ ਲੰਗਰ ਲਈ ਆਮੰਤ੍ਰਿਤ ਹੁੰਦਾ ਹੈ।

ਵੰਡ ਕੇ ਛਕਣ ਵਾਲੇ ਦੈਵੀ ਪਿਆਰ ਦੇ ਸਾਧਕ ਹੁੰਦੇ ਹਨ। ਰੱਬ ਦੇ ਜੀਆਂ ਨੂੰ ਪਿਆਰ ਕੀਤੇ ਬਿਨਾਂ ਅਸੀਂ ਰੱਬ ਨੂੰ ਕਿਵੇਂ ਪਿਆਰ ਕਰ ਸਕਦੇ ਹਾਂ ? ਉਸ ਨੂੰ ਪਿਆਰੇ ਕਿਵੇਂ ਲਗ ਸਕਦੇ ਹਾਂ ? ਆਪਣੀ ਘਾਲ ਕਮਾਈ ਨੂੰ ਹੋਰਨਾਂ ਨਾਲ ਵੰਡਣਾ ਰੱਬ ਨਾਲ ਪਿਆਰ ਦੀ ਸਾਖ ਭਰਨਾ ਹੈ।

ਇਹ ਪੂਰਨੇ ਤਾਂ ਬਾਬੇ ਨਾਨਕ ਨੇ ਆਪ ਪਾਏ ਸਨ। ਜਦ ਸੁਲਤਾਨਪੁਰ ਲੋਧੀ ਆਪ ਨੇ ਮੋਦੀਖਾਨੇ ਦਾ ਕੰਮ ਸੰਭਾਲਿਆ ਤਾਂ " ਜੋ ਕੁਛ ਆਲੂਫਾ ( = ਭੱਤਾ) ਨਾਨਕ ਨੂੰ ਮਿਲੇ ਖਵਾਇ ਪਰਮੇਸਰ ਕੇ ਅਰਥ ਦੇਵੈ ਅਰਿ ਰਾਤ ਕੋ ਕੀਰਤਨ ਹੋਵੈ।...ਸਭ ਕੋਈ ਰੋਟੀਆਂ ਲੱਗਾ ਬਾਬੇ ਦੇ ਪਿੱਛੇ ਖਾਵਣਿ। ਬਾਬੇ ਦੇ ਪ੍ਰਸਾਦਿ ਸਭ ਸੁਖਾਲੀ ਹੋਈ। ਅਤੇ ਜਾ ਬਾਬੇ ਦੀ ਰਸੋਈ ਹੋਵੈ ਤਾਂ ਸਭਿ ਆਇ ਬਹਿਨ।" (ਜਨਮ ਸਾਖੀ B 40)

ਇਸੇ ਨੇਮ ਵਿਚੋਂ ਹੀ ਗੁਰੂ ਕੇ ਲੰਗਰ ਦਾ ਮੁੱਢ ਬੱਝਾ ਹੈ, ਤੇ ਉਸ ਵਿਚੋਂ ਸੰਗਤ ਤੇ ਪੰਗਤ ਦੀ ਏਕਤਾ ਸਥਾਪਿਤ ਹੋਈ ਹੈ। ਵੰਡ ਛਕਣ ਦੇ ਆਸ਼ੇ ਵਿਚੋਂ ਹੀ ਦਸਵੰਧ ਦੀ ਸੰਸਥਾ ਸਥਾਪਿਤ ਹੋਈ, ਤੇ ਸਿੱਖਾਂ ਦੇ ਦਸਵੰਧ ਤੋਂ ਜੁੜੀ ਮਾਇਆ ਕੌਮ ਦੀ ਉਸਾਰੀ ਲਈ ਖ਼ਰਚੀਣ ਲਗੀ।......

ਪਿਆਰ ਦਾ ਇਨਕਲਾਬ ਲਿਆਉਣ ਵਾਲਿਆਂ ਨੂੰ, ਮਨੁੱਖਤਾ ਰਾਹੀਂ ਰੱਬ ਨਾਲ ਜੁੜਨ ਵਾਲਿਆਂ ਨੂੰ, ਕਿਰਤ ਦਾ ਸਤਿਕਾਰ ਸਥਾਪਿਤ ਕਰਨ ਵਾਲਿਆਂ ਨੂੰ, ਦਰਦਵੰਦਾਂ ਦਾ ਦਰਦ ਵੰਡਾਉਣ ਵਾਲਿਆਂ ਨੂੰ ਅਰਦਾਸ ਵਿਚ ਸ਼ਰਧਾਂਜਲੀ ਦੇਣ ਲਈ ਉਹਨਾਂ ਪਿਆਰ-ਮੂਰਤ ਗੁਰਮੁਖਾਂ ਦਾ ਧਿਆਨ ਧਰਨ ਦਾ ਆਦੇਸ਼ ਹੈ, ਜਿਨ੍ਹਾਂ "ਵੰਡ ਕੇ ਛਕਿਆ"। [ਛਪੀ ਪੁਸਤਕ "ਅਰਦਾਸ ਵਿਚੋਂ

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| ਤਉ ਕਿਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੮੦ | ਜਬ ਲਗ ਖਾਲਸਾ ਰਹੈ ਨਿਆਰਾ ,, | ੦-੭੫ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੫੦ |





www.AKJ.Org

# ਪੁਰਾਣੇ ਬ੍ਰਾਹਮਣਾਂ ਦੀ ਭਵਿਸ਼ ਬਾਣੀ

[ਪ੍ਰੋ: ਪਿਆਰਾ ਸਿੰਘ ਜੀ ਪਦਮ]

ਪੁਰਾਣੇ ਬ੍ਰਾਹਮਣ ਬੁਧਿਮਾਨ ਸਨ ਤੇ ਕੁਝ ਹਦ ਤਕ ਧਰਮ ਕਰਮ ਲਈ ਵੀ ਸ਼ਰਧਾਵਾਨ ਸਨ। ਇਨ੍ਹਾਂ ਨੂੰ ਜੋ ਗੱਲ ਸ਼ਾਸਤ੍ਰਾਂ ਅਨੁਸਾਰ ਸੁਝਦੀ ਸੀ, ਉਹ ਕਹਿਣੋਂ ਸੰਕੋਚ ਨਹੀਂ ਸੀ ਕਰਦੇ। ਭਾਵੇਂ ਇਨ੍ਹਾਂ ਦਾ ਇਸ ਵਿਚ ਕੁਝ ਕੁਝ ਸ੍ਵਾਰਥ ਵੀ ਹੁੰਦਾ ਸੀ, ਪਰ ਦਿਲ ਦੀ ਸਫ਼ਾਈ ਨਾਲ ਸੱਚ ਸੱਚ ਕਹਿ ਦਿੰਦੇ ਸਨ। ਜਦ ਅਠਾਰਵੀਂ ਉੱਨੀਵੀਂ ਸਦੀ ਵਿਚ ਸ਼ਸਤਰਧਾਰੀ ਖਾਲਸੇ ਆਪਣੇ ਤੇਗ ਦੇ ਜੌਹਰ ਦਿਖਾਉਂਦੇ ਭਾਰਤੀ ਸੰਸਕ੍ਰਿਤੀ ਤੇ ਸ੍ਵੈਮਾਨ ਖ਼ਾਤਰ ਨਿਰਭੈ ਹੋ ਕੇ ਜਾਨਾਂ ਘੁਮਾਉਂਦੇ ਅਤੇ ਨਾਦਰ ਤੇ ਅਬਦਾਲੀ ਦੇ ਲਸ਼ਕਰਾਂ ਨੂੰ ਭਜਾਉਂਦੇ ਸ਼ੇਰਾਂ ਵਾਂਙ ਘੁੰਮਰ ਪਾਉਂਦੇ ਨਜ਼ਰ ਆਉਂਦੇ ਸਨ ਤਾਂ ਇਹ ਬੁਧਿਮਾਨ ਬ੍ਰਾਹਮਣ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਨਹੀਂ ਸੀ ਥੱਕਦੇ। ਉਸ ਵਕਤ ਇਨ੍ਹਾਂ ਸਿਆਣੇ ਪੰਡਿਤਾਂ 'ਅਕਾਲੀ ਫ਼ੌਜਾਂ' ਦਾ ਨਾਮ ਹੀ **'ਰਾਜ-ਰਿਸ਼ੀ'** ਪਾਇਆ ਹੋਇਆ ਸੀ।

ਸਕੰਦ ਪੁਰਾਣ ਵਿਚ ਇਕ ਪੁਰਾਤਨ ਹਵਾਲਾ ਮਿਲਦਾ ਹੈ, ਜਿਸ ਦਾ ਸਾਰੰਸ਼ ਇਹ ਹੈ ਕਿ ਪੱਛਮ ਵਾਲੇ ਪਾਸੇ ਗੁਰੂ ਨਾਨਕ ਅਵਤਾਰ ਲਵੇਗਾ, ਉਸ ਦੇ ਕਿਰਤੀ ਜ਼ਿਮੀਦਾਰ ਸਿਖ ਹੋਣਗੇ, ਜੋ ਰਾਜ ਕਰਨਗੇ। ਫੇਰ ਗੋਰੇ ਮੂੰਹਾਂ ਵਾਲੇ ਚਤੁਰ ਨੀਤੀਵਾਨ ਆ ਬਹੁੜਨਗੇ, ਉਹ ੧੮੦ ਵਰ੍ਹੇ ਹਕੂਮਤ ਕਰਨਗੇ, ਪਰ ਇਹ ਆਪਣੀਆਂ ਕੁਨੀਤੀਆਂ ਕਾਰਨ ਲੱਦ ਜਾਣਗੇ। ਇਸ ਤੋਂ ਪਿਛੋਂ ਰਾਜ-ਰਿਸ਼ੀ (ਸਿੰਘ) ਉਠਣਗੇ ਤੇ ੩੫੦ ਵਰ੍ਹੇ ਰਾਜ ਕਰਨਗੇ।

ਇਹ ਲਿਖਤ ਸੰਸਕ੍ਰਿਤ ਵਿਚ ਹੈ, ਪਾਠਕਾਂ ਦੀ ਗਿਆਤ ਲਈ ਇਸ ਦਾ ਮੂਲ ਪਾਠ ਅੱਗੇ ਦਿਤਾ ਜਾ ਰਿਹਾ ਹੈ। ਇਸ ਦਾ ਜੋ ਅਨੁਵਾਦ ਸ੍ਰੀਮਾਨ ਗਣੇਸ਼ਾ ਸਿੰਘ ਬੇਦੀ ਜੀ ਨੇ ਅਜ ਤੋਂ ਤ੍ਰਿਆਨਵੇਂ ਵਰ੍ਹੇ ਪਹਿਲਾਂ ਹਿੰਦੀ ਛੰਦਾਬੰਦੀ ਵਿਚ ਕੀਤਾ ਸੀ, ਉਹ ਵੀ ਨਾਲ ਦੇ ਰਿਹਾ ਹਾਂ। ੧੮੯੫ ਈਸਵੀ ਦਾ ਛਪਿਆ ਇਹ ਖੁਲ੍ਹਾ ਅਨੁਵਾਦ ਇਸਤਰ੍ਹਾਂ ਚਲਦਾ ਹੈ–

**ਨਿਸ਼ਾਨੀ ਛੰਦ**

ਕਲਿ ਮੈਂ ਗੁਰ ਨਾਨਕ ਭਏ, ਹਰਿ ਕੇ ਅਵਤਾਰ।
ਭਨਯੋ ਸਕੰਦ ਪੁਰਾਣ ਮੇਂ, ਸੁਨਿਯੇ ਨਿਰਧਾਰ।
ਪ੍ਰਥਮ ਭਾਗ ਜੁ ਪੁਰਾਣ ਕੇ, ਅਠਵਿੰਸ਼ਤਿ ਧਯਾਊ।
ਤੇਤਿਸ ਆਦਿ ਸ਼ਲੋਕ ਮੈਂ, ਬਰਨਯੋ ਸਮਦਾਊ।੧।

ਲਖ ਅਧਰਮ ਕਲਿਕਾਲ ਮੈਂ, ਹ੍ਵੈ ਧਰਮ ਅਕਾਜਾ।
ਹਤੈਂ ਮਲੇਛਨ ਕੋ ਪ੍ਰਭੂ, ਸੰਤਨ ਕੇ ਕਾਜਾ।
ਪਸ਼ਚਮ ਬੇਦੀ ਬੰਸ਼ ਮੈਂ, ਸ੍ਰੀ ਨਾਨਕ ਨਾਮਾ।
ਖਤ੍ਰੀ ਕੁਲ ਮੈਂ ਜਨਮ ਲੇ, ਰਿਖਿ-ਰਾਜ ਸੁਹਾਮਾ।੨।

ਬ੍ਰਹਿਮ ਗਯਾਨ ਉਪਦੇਸ਼ ਦੇ, ਕਰ ਹੈਂ ਭਵ ਪਾਰਾ।
ਸੰਭੁਜ ਹਰਿ ਸ੍ਰੀ ਬਿਸ਼ਨ ਕੋ, ਪੂਰਨ ਅਵਤਾਰਾ।
ਪੁਨਹ ਪੁਨਹੁ ਉਪਦੇਸ਼ ਹੈ, ਯਾਂ ਕੋ ਯਹ ਭਾਊ।
ਅੰਗਦਾਦਿ ਅਵਤਾਰ ਹਰਿ, ਬਰਨੇ ਸਮਦਾਊ।੩।

ਜੋ ਇਨ ਕੇ ਮਾਰਗ ਪਰੈ, ਹਰਿ ਕੋ ਜਸ ਗਾਵੈ।
ਕਰਹਿ ਧਰਮ ਜੁਤ ਰਾਜ ਕੋ, ਸੁਖ ਪਦ ਕੋ ਪਾਵੈ।
ਬਹੁਰਿ ਗੌਰ ਮੁਖ ਆਨ ਕੈ, ਕਰ ਹੈ ਪਾਤਸ਼ਾਹੀ।
ਨੀਤਿ ਨਿਪੁਨ ਮਤਿਵੰਤ ਅਤਿ, ਜਾ ਸਮ ਕੋ ਨਾਹੀ।੪।

ਦੇਹ ਉਪਾਯਨ ਕੋ ਸਬੈ, ਜਗ ਭੂਪ ਮਹਾਨਾ।
੦ ੮ ੧
ਗਗਨ ਨਾਗ ਸਸਿ ਬਰਖ ਲੌਂ, ਛਿਤਿ ਰਾਜ ਪ੍ਰਮਾਨਾ।
ਕਰਹੈਂ ਬਹੁਰ ਅਨੀਤਿ ਕੋ, ਬਿਧਿ ਬੇਦ ਬਿਹਾਈ।
ਨ੍ਰਿਪਤਿ ਪਸ਼ਚਮੀ ਲੋਪ ਹੈ, ਇਨਕੋ ਬਰ ਆਈ।੫।

ਕਰਹੈ ਜਬ ਅਧਰਮ ਸੋ, ਬਿਨਸੈ ਬਿਨ ਬਾਰਾ।
ਬਹੁਰਿ ਰਾਜ-ਰਿਖਿ ਮਾਰਗੀ, ਹ੍ਵੈਂ ਨ੍ਰਿਪਤਿ ਅਪਾਰਾ।
ਕਰਹਿ ਧਰਮ ਯੁਤ ਰਾਜ ਸੋ, ਕਲਿ ਮਹਿੰ ਪ੍ਰਕਾਸ਼ਾ।
ਬਰਖ ਤੀਨ ਸੈ ਪਰ ਲਖੋ, ਪੁਨ ਅਧਿਕ ਪਚਾਸਾ।੬।

ਕਈ ਲੋਕ ਇਸ ਅਨੁਵਾਦ ਉਤੇ ਸ਼ਾਇਦ ਪੂਰਾ ਭਰੋਸਾ ਨ ਕਰਨ, ਇਸ ਕਰਕੇ ਅਸਾਂ ਠੀਕ ਸਮਝਿਆ ਹੈ ਕਿ ਸਕੰਦ ਪੁਰਾਣ ਦੇ ਅਸਲ ਸ਼ਲੋਕ ਵੀ ਵਿਦਵਾਨ ਪਾਠਕਾਂ ਦੇ ਧਿਆਨ ਗੋਚਰੇ ਕਰ ਦੇਈਏ। ਉਹ ਇਸ ਪਰਕਾਰ ਹਨ :–



www.AKJ.Org

ਸਕੰਦ ਪੁਰਾਣ ਵਿਚੋਂ—

ਅਨਾਚਾਰਾਨ ਬਹੁਨ ਕ੍ਰਿਤਵਾ, ਉਵਾਚ਼ ਤੁ ਪਿਤਾਮਹ ।
ਏਵੰ ਵੈ ਧਰਮ ਪ੍ਰਾਚੁਰਯ, ਭਵਿਸ਼ਯਤਿ ਯਦਾ ਕਲੌ ।੩੩।
ਤਦਾ ਵੈ ਲੋਕ ਰਖਛਾਰਥ, ਮਲੇਛਾਨਾਂ ਨਾਸ਼ ਹੇਤਵੇ ।
ਪਸ਼ਚਮੇਤਿ ਸ਼ੁਭੇ ਦਸੈ, ਵੇਦੀ ਬੰਸੇ ਚ ਨਾਨਕ: ।੩੪।
ਨਾਮਨਾ ਚ ਭੁਵਿ ਰਾਜਰਿਸ਼ਿ, ਬ੍ਰਹਮਗਯਾਨੈਕ ਮਾਨਸ: ।
ਭਵਿਸ਼ਯਤਿ ਕਲੌ ਸਕੰਦ, ਤਤ੍ਰ ਵਿਤ ਕਲਯਾ ਹਰੇ।੩੫।
ਸ ਸ੍ਰੀਮਦਰਾਜ ਸ਼ਾਰਦੂਲਾਨੁ ਪਦਿਸ਼ਯ ਚ ਪੁਨ: ਪੁਨ: ।
ਮਲੇਛਾਨ ਹਨਿਸ਼ਯਤਿ ਸਕੰਦ, ਧਰਮ ਤਤ੍ਰੋਪਦੇਸ਼ ਕ੍ਰਿਤ ।੩੬।
ਤੰਨੋਪਦਿਸ਼ਟੰ ਮਾਰਗੰ ਵੈ ਯੇ ਗ੍ਰਿਹਯੰਤਿ ਭੂਮਿਪਾ ।
ਤੇ ਵੈ ਰਾਜਯੰ ਕਰਿਸ਼ਯੰਤਿ, ਤਸਯ ਸਿਖਛਾਨੁਸਾਰਤ : ।੩੭।
ਧਰਮੇਣ ਰਾਜ ਬ੍ਰਿਧਿਸ਼ਚ, ਕਲੌ ਤੇਸ਼ਾਂ ਭਵਿਸ਼ਯਤਿ ।
ਤੇਸ਼ਾਂ ਰਾਜਯਾਤ ਪਰੇ ਕਾਲੇ, ਮਲੇਛਾ ਗੌਰਮੁਖਾ ਨ੍ਰਿਪਾ: ।੩੮।
ਪ੍ਰਬਲ ਸੰਭਵਿਸ਼ਯੰਤਿ, ਪ੍ਰਜਾ ਰਖਛਣ ਤਤਪਾਰਾ ।
ਅਲਪਕਾਲੇਨ ਤੇਸ਼ਾਂਤ, ਰਾਜਯਬ੍ਰਿਧਿ ਭਵਿਸ਼ਯਤਿ ।੩੯।
ਨ੍ਰਿਪਾ ਬਲਿੰ ਹਨਿਸ਼ਯੰਤਿ, ਗੌਰ ਬ੍ਰਣ ਗਯਾਤਤ੍ਰਗਾ ।
ਅਸ਼ੀਤਿ ਸ਼ਤ ਰਾਜਯੰ ਤੇ ਨੀਤਿ ਸ਼ਾਸਤ੍ਰਾਨੁਸਾਰਤ: ।੪੦।
ਕ੍ਰਿਤਵਾ ਪਸਚਮ ਦੇਸੀਯੇ, ਨ੍ਰਿਪੇਯਾ ਸਯੰਤ ਦਰਸ਼ਨੰ ।
ਯਦਾ ਵੇ ਦੇਵ ਵਿਪ੍ਰੇ ਚ ਵੈ ਸਮ ਵੇ ਚਵਿਰਾਹ ਧੀ: ।੪੧।
ਤਦਾ ਨ੍ਰਿਪਾ ਵਿਜੇਸ਼ਯੰਤਿ, ਮਲੇਛਾਨ ਧਰਮ ਪ੍ਰਾਫ ਮੁਖਾਨ ।
ਤਸਮਿਨ ਕਾਲੇ ਖੰਡ ਨਾਥਾ, ਸ਼ਤ ਸ਼ਸ ਚ ਸ ਹਨਨਸ਼ੇ ।੪੨।
ਭਵਿਸ਼ਯੰਤਿ ਕਲੌ ਸਕੰਦ, ਰਾਜਪਾਲਨ ਤਤਪਰਾ: ।
ਰਾਜਰਿਸ਼ੀ ਮਤ ਮਾਰਗੀਣਾਂ, ਆਗਯਾ ਲੋਕੇ ਭਵਿਸ਼ਯਤਿ ।੪੩।
ਏਵ ਸ਼ਤ ਤ੍ਰਯੰ ਰਾਜਯੰ ਕ੍ਰਿਤਵਾ ਪੰਚਾਸ਼ਤ ਨਰੰ ।
ਧਰਮੇਣੈਵ ਕਲੌ ਸਕੰਦ, ਤਤ: ਸੰਸਥਾ ਭਵਿਸ਼ਯਤਿ ।੪੪।
[ਸਕੰਦ ਪੁਰਾਣ—ਅਧਿਆ ੧੨੯

ਮੇਰੇ ਮਿਤਰ ਪੰਡਿਤ ਵਿਸ਼ਿਸਟਾਨੰਦ ਪੁਛਦੇ ਹਨ ਕਿ ਇਹ ਤਾਂ ਰਿਸ਼ੀ ਨੇ ਦੱਸ ਦਿਤਾ ਕਿ ਸਿਖ ਸਾਢੇ ਤਿੰਨ ਸੌ ਵਰ੍ਹੇ ਰਾਜ ਕਰਨਗੇ, ਪਰ ਇਹ ਦਸੋ ਕਿ ਰਾਜ ਸ਼ੁਰੂ ਕਦੋਂ ਹੋਵੇਗਾ ? ਮੇਰੀ ਬੇਨਤੀ ਉਨ੍ਹਾਂ ਨੂੰ ਇਤਨੀ ਹੀ ਹੈ ਕਿ ਇਹ 'ਰਾਜਨੀਤਿ ਪੁਰਾਣ' ਵਿਚੋਂ ਦੇਖ ਕੇ ਹੀ ਦੱਸਿਆ ਜਾ ਸਕੇਗਾ ।


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾਤਾ ਦਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |

## ਦਿਲੀ ਵਿਚ 'ਸੂਰਾ' ਮਾਸਕ ਪੱਤਰ ਦੇ ਚੰਦੇ ਜਮ੍ਹਾ ਕਰਾਓ

ਦਿਲੀ ਦੇ ਪਾਠਕਾਂ ਦੀ ਸਹੂਲਤ ਲਈ ਦਿਲੀ ਵਿਚ ਚੰਦੇ ਜਮ੍ਹਾ ਕਰਾਉਣ ਲਈ ਪ੍ਰਬੰਧ ਕਰ ਦਿਤਾ ਗਿਆ ਹੈ । ਦਿਲੀ ਦੇ ਲੋਕਲ ਅਖੰਡ ਕੀਰਤਨ ਸਮਾਗਮਾਂ ਸਮੇਂ ਜਾਂ ਹੇਠ ਲਿਖੇ ਪਤੇ ਉਤੇ ਚੰਦੇ ਆਦਿ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕਰੋ ਜੀ—

**ਭਾਈ ਹਰਦਿਤ ਸਿੰਘ ਜੀ, ੩੫-ਏ, ਫ਼ਤਹ ਨਗਰ, ਨਵੀਂ ਦਿਲੀ—੧੮**

**ਯੂ. ਕੇ. ਵਿਖੇ ਮੋਖ ਰਹਿਤ ਪੁਸਤਕਾਂ**—ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੁਫਤ ਮੰਗਾਓ । ਡਾਕ ਖਰਚ ਪਹਿਲਾਂ ਭੇਜ ਦਿਓ ਜੀ—

**Madan Sfngh, II-Apollo Way, Perry Barr, Birmingham 20, 3N.D. (U.K.)**





www.AKJ.Org

# ਨਿਤਨੇਮ ਉਤਸ਼ਾਹਤ ਪ੍ਰੀਖਿਆ ਵਿਚ ਕਾਮਯਾਬ ਬੱਚਿਆਂ ਨੂੰ ਵਜ਼ੀਫੇ

ਹੇਠ ਲਿਖੇ ਅੰਮ੍ਰਿਤਧਾਰੀ ਬੱਚੇ ਭਾ: ਸਾ: ਭਾਈ ਰਣਧੀਰ ਸਿੰਘ ਨਿਤਨੇਮ ਉਤਸ਼ਾਹ ਸਕੀਮ ਅਧੀਨ ਦਿਲੀ ਕੀਰਤਨ ਸਮਾਗਮ ਸਮੇਂ ਹੋਈ ਪ੍ਰੀਖਿਆ ਵਿਚ ਸਫਲ ਹੋਏ। ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਵਲੋਂ ਇਨ੍ਹਾਂ ਬੱਚਿਆਂ ਨੂੰ ਸਾਲ ਭਰ ਲਈ ਵਜ਼ੀਫ਼ੇ ਗੁਰਦੁਆਰਾ ਬੰਗਲਾ ਸਾਹਿਬ ਵਿਚ ਪਰਦਾਨ ਕੀਤੇ ਗਏ :–

**ਭਾਗ ਪਹਿਲਾ**–ਬੀ: ਜਸਦੀਪ ਕੌਰ ਅਤੇ ਬੀ: ਰਮਨਦੀਪ ਕੌਰ ਸਪੁਤ੍ਰੀਆਂ ਸ: ਨਰਿੰਦਰਪਾਲ ਸਿੰਘ ਮੋਹਾਲੀ ਕ੍ਰਮਵਾਰ ੩੬੦/- ਤੇ ੩੦੦/-, ਬੀ: ਤੇਜਵੰਤ ਕੌਰ ਸਪੁਤ੍ਰੀ ਭਾ: ਅਮੋਲਕ ਸਿੰਘ ਅੰਮ੍ਰਿਤਸਰ ੩੦੦/-, ਬੀ: ਸਰਬਜੀਤ ਕੌਰ ਸਪੁਤ੍ਰੀ ਸ: ਸਰੂਪ ਸਿੰਘ ਫ਼ਰੀਦਾਬਾਦ ੨੪੦/–

**ਭਾਗ ਦੂਜਾ**–ਬੀ: ਨਰਿੰਦਰ ਕੌਰ ਸਪੁਤ੍ਰੀ ਸ: ਸਰੂਪ ਸਿੰਘ ਫਰੀਦਾਬਾਦ ੬੬੦/-, ਕਾਕਾ ਸੁਲੱਖਣ ਸਿੰਘ ਸਪੁਤ੍ਰ ਸ: ਵੱਸਣ ਸਿੰਘ ਨੈਣੋਕੋਟ ੬੦੦/-,

**ਭਾਗ ਤੀਜਾ**–ਬੀ: ਕੁਲਦੀਪ ਕੌਰ ਸਪੁਤ੍ਰੀ ਭਾ: ਅਮਰਜੀਤ ਸਿੰਘ ਲਖਨਊ ੯੬੦/-, ਬੀ: ਰਾਜਿੰਦਰ ਕੌਰ ਸਪੁਤ੍ਰੀ ਭਾ: ਕੁਲਵਿੰਦਰ ਸਿੰਘ ਜਲੰਧਰ ੯੦੦/-, ਬੀ: ਹਰਵਿੰਦਰ ਕੌਰ ਸਪੁਤ੍ਰੀ ਭਾ: ਸਤਨਾਮ ਸਿੰਘ ਅੰਮ੍ਰਿਤਸਰ ੮੪੦/-

ਦਾਸ–ਬਲਬੀਰ ਸਿੰਘ, ਸਕੱਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ੨੩-ਜੀ, ਸਰਾਭਾ ਨਗਰ, ਲੁਧਿਆਣਾ

# ਸ੍ਰੀ ਸੁਖਮਨੀ ਸਾਹਿਬ ਪ੍ਰੀਖਿਆ ਦੇ ਨਤੀਜੇ

**ਗਰੁਪ 'ਏ'**–ਰੋਲ ਨੰ: ੧੦੫ ਬੀਬੀ ਅੰਮ੍ਰਿਤਪਾਲ ਕੌਰ ਪਹਿਲੀ ਪੁਜ਼ੀਸ਼ਨ, ਰੋਲ ਨੰ: ੧੨੧ ਬੀ: ਮੀਰਾ ਕੌਰ ਦੂਜੀ ਪੁਜ਼ੀਸ਼ਨ, ਰੋਲ ਨੰ: ੫੦੬ ਬੀ: ਗੁਰਪ੍ਰੀਤ ਕੌਰ ਤੀਜੀ ਪੁਜ਼ੀਸ਼ਨ, ਰੋਲ ਨੰਬਰ ੧੦੧, ੧੦੨, ੧੦੮, ੧੧੦, ੧੧੨, ੧੪, ੧੧੬, ੧੧੮, ੧੪੯, ੧੬੧, ੫੩੦, ੫੩੯ ਇਨ੍ਹਾਂ ਸਭਨਾਂ ਦੇ ਨੰਬਰ ੮੦ ਤੋਂ ਉਪਰ ਹੋਣ ਕਰਕੇ ਹਰੇਕ ਨੂੰ ਵਖਰੇ ਇਨਾਮ ਦਿਤੇ ਜਾਣਗੇ।

**ਗਰੁਪ 'ਬੀ'**–ਰੋਲ ਨੰ: ੫੩੮ ਕਾਕਾ ਸ਼ੇਰ ਸਿੰਘ ਪਹਿਲੀ ਪੁਜ਼ੀਸ਼ਨ, ਰੋਲ ਨੰ: ੧੫੬ ਬੀਬੀ ਨਵਜੋਤ ਕੌਰ ਦੂਜੀ ਪੁਜ਼ੀਸ਼ਨ, ਰੋਲ ਨੰ: ੧੫੫ ਬੀ: ਸਿਮਰਨਜੀਤ ਕੌਰ ਤੀਜੀ ਪੁਜ਼ੀਸ਼ਨ।

**ਸਪੈਸ਼ਲ ਇਨਾਮ ਧਨਬਾਦ ਸੈਂਟਰ**–ਰੋਲ ਨੰ: ੧੦੧-ਡੀ ਬੀ:ਨਰਿੰਦਰ ਕੌਰ ਪਹਿਲੀ ਪੁਜ਼ੀਸ਼ਨ, ਰੋਲ ਨੰ: ੧੦੫-ਡੀ ਬੀ:ਰਣਜੀਤ ਕੌਰ ਦੂਜੀ ਪੁਜ਼ੀਸ਼ਨ।

ਅੰਮ੍ਰਿਤਸਰ ਸੈਂਟਰ ਦੇ ਸਮੂਹ ਪ੍ਰੀਖਿਆਕਾਰਾਂ ਅਤੇ ਵਿਸ਼ੇਸ਼ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਗੁਰਮੁਖਾਂ ਨੂੰ ਮਿਤੀ ੧੯ ਨਵੰਬਰ ੮੯ ਐਤਵਾਰ ਨੂੰ ਕੀਰਤਨ ਤੋਂ ਉਪ੍ਰੰਤ ੯ ਵਜੇ ਤਕ ਗੁਰਦੁਆਰਾ ਸ੍ਰੀ ਹਰਿ ਰਾਇ ਸਾਹਿਬ ਮਜੀਠਾ ਰੋਡ ਅੰਮ੍ਰਿਤਸਰ ਵਿਖੇ ਪ੍ਰਸੰਸਾ ਪੱਤਰ, ਗੁਰਮਤਿ ਪੁਸਤਕਾਂ ਅਤੇ ਵਿਸ਼ੇਸ਼ ਇਨਾਮ ਦਿਤੇ ਜਾਣਗੇ।

ਦਾਸ–ਡਾ: ਹਰਚਰਨ ਸਿੰਘ ਕਨਵੀਨਰ

ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟ੍ਰਸਟ, ੨੦ ਡਾਕਟਰਜ਼ ਐਵਿਨਿਊ, ਮਜੀਠਾ ਰੋਡ, ਅੰਮ੍ਰਿਤਸਰ

---

**ਸੁੰਦਰ ਗੁਟਕਾ**–ਸੰਗਤਾਂ ਦੀ ਚਿਰੋਕੀ ਮੰਗ ਅਨੁਸਾਰ ਬਾਰਾਮਾਂਹ ਤੁਖਾਰੀ ਤੇ ਮਾਝ, ਸਤੇ ਬਲਵੰਡ ਦੀ ਵਾਰ, ਚੁਨਹੇ, ਚਉਬੋਲੇ, ਛਕਿਆਂ ਨਾਲ ਮਿਲਦੇ ਸ਼ਬਦਾਂ ਸਹਿਤ ਆਸਾ ਦੀ ਵਾਰ, ਸੁਖਮਨੀ ਸਾਹਿਬ ਆਦਿ ਨਿਤਨੇਮ ਦੀਆਂ ਬਾਣੀਆਂ ਸਮੇਤ ਸੁੰਦਰ ਗੁਟਕਾ ਪੂਰੀ ਸੁਧਾਈ ਨਾਲ ਵਧੀਆ ਕਾਗਜ਼ ਤੇ ਤਿਆਰ ਹੋ ਗਿਆ ਹੈ। ਕੀਰਤਨ ਸਮਾਗਮਾਂ ਸਮੇਂ ਸੂਰਾ ਸਟਾਲ ਤੋਂ ਪ੍ਰਾਪਤ ਕਰੋ।



www.AKJ.Org

## ਸ਼ਹੀਦੀ ਤੇ ਪੀੜਤ ਪਰਵਾਰ ਫੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ—

| | | | |
|---|---|---|---|
| ਸ: ਮਲਕੀਅਤ ਸਿੰਘ, ਸਲੌਅ ਯੂ. ਕੇ. | ੫੦੦-੦੦ | ਗੁਪਤ ... ... | ੫੦-੦੦ |
| ਸਾਧ ਸੰਗਤ ਵੈਸਟ ਬ੍ਰਾਹਮਵਿਚ ਯੂ. ਕੇ. | ੭੫੦੦-੦੦ | ਸ: ਹਰਭਜਨ ਸਿੰਘ, ਨਵੀਂ ਦਿਲੀ | ੪੦੦-੦੦ |
| ਸ: ਕੁਲਵੰਤ ਸਿੰਘ, ਨੋਟਿੰਘਮ ,, | ੧੦੦੦-੦੦ | ਗੁਪਤ, ਦਿਲੀ ਸਮਾਗਮ ਸਮੇਂ | ੨੦੦੦-੦੦ |
| ਸੰਗਤ ਗੁਰਦਵਾਰਾ ਰਾਮਗੜ੍ਹੀਆ ਬਰੈਡਫੋਰਡ ਯੂ.ਕੇ. | ੧੫੦੦-੦੦ | ਸ: ਹਰਜੀਤ ਸਿੰਘ, ਹੁਗਲੀ | ੧੦੦-੦੦ |
| ਭਾ:ਜਸਬੀਰ ਸਿੰਘ ਲੰਡਨ (ਚੜ੍ਹਦੀ ਕਲਾ ਅਰਦਾਸ) | ੧੬੨੫-੦੦ | ਸ: ਹਰਜੀਤ ਸਿੰਘ, ਦਿਲੀ | ੫੦੦-੦੦ |
| ਸ: ਸ਼ਿੰਦਨ ਸਿੰਘ ਲੰਡਨ ਯੂ. ਕੇ. | ੨੫੦੦-੦੦ | ਸ: ਜਸਵੰਤ ਸਿੰਘ ਸੁਬੇਗ ਸਿੰਘ, ਕਠਮੰਡੂ | ੫੦੧-੦੦ |
| ਸ: ਚਰਨਜੀਤ ਸਿੰਘ, ਮੈਨਰ ਪਾਰਕ ਲੰਡਨ ਯੂ. ਕੇ. | ੨੫੦-੦੦ | ਐਸ. ਪੀ. ਸਿੰਘ, ਦਿਲੀ | ੧੦੦-੦੦ |
| ਸ: ਅਜੀਤ ਸਿੰਘ, ਸਲੌਅ ਯੂ. ਕੇ. | ੬੨੫-੦੦ | ਗੁਪਤ ... ... | ੨੦੦-੦੦ |
| ਗੁਪਤ ... ... | ੬੨੫-੦੦ | ਗੁਪਤ ... ... | ੧੦੦੦-੦੦ |
| ਭਾ: ਗੁਰਦਿਆਲ ਸਿੰਘ ਅਟਵਾਲ, ਬਰਮਿੰਘਮ | ੨੫੦੦-੦੦ | ਸ: ਭਗਵਾਨ ਸਿੰਘ, ਕੋਟਾ | ੧੦੧-੦੦ |
| ਸੰਗਤ, ਲਸਿਸਟਰ ਯੂ. ਕੇ (ਕੀਰਤਨ ਭੇਟ) | ੧੦੫੦੦-੦੦ | ਸ: ਪ੍ਰਕਾਸ਼ ਸਿੰਘ, ਨਵੀਂ ਦਿਲੀ | ੨੫੦-੦੦ |
| ਸਾਧ ਸੰਗਤ ਗੁਰਦਵਾਰਾ ਮੈਡਨਹੈਡ ਯੂ. ਕੇ. | ੯੨੫-੦੦ | ਗੁਪਤ ... ... | ੫੦-੦੦ |
| ਸ: ਸੁਰਜੀਤ ਸਿੰਘ ਬੀ.ਏ. ਬੀ.ਐਡ, ਸੰਗਤਪੁਰ | ੫੦੦-੦੦ | ਸ: ਸੁਰਿੰਦਰ ਸਿੰਘ, ਗੁੜਗਾਉਂ | ੩੦੦-੦੦ |
| ਸ: ਪਰਮਜੋਤ ਸਿੰਘ, ਅੰਮ੍ਰਿਤਸਰ (ਕੀਰਤਨ ਭੇਟ) | ੬੦-੦੦ | ਸ੍ਰੀਮਤੀ ਪਰਵਿੰਦਰ ਕੌਰ, ਨਵੀਂ ਦਿਲੀ | ੨੦੦-੦੦ |
| ਗੁਪਤ ... ... | ੧੧-੦੦ | ਸ: ਅਤਰ ਸਿੰਘ, ਨਵੀਂ ਦਿਲੀ | ੧੦੧-੦੦ |
| ਸ: ਜਸਬੀਰ ਸਿੰਘ ਵੈਸਟ ਮਿਡਲੈਂਡ ਯੂ. ਕੇ. | ੨੫੪੦-੦੦ | ਸ: ਹਰਪ੍ਰੀਤ ਸਿੰਘ, ਦਿਲੀ | ੭੧-੫੦ |
| ਸ: ਕਰਤਾਰ ਸਿੰਘ ਰਾਹੀ ਫਤਹਗੜ੍ਹ ਕੋਰੋਤਨਾ | ੧੦੦-੦੦ | ਸ: ਦਰਸ਼ਨ ਸਿੰਘ, ਮੂਲੀਆਂ ਵਾਲ | ੩੦-੦੦ |
| ਸ: ਚਰਨਜੀਤ ਸਿੰਘ, ਅੰਮ੍ਰਿਤਸਰ (ਕੀਰਤਨ ਭੇਟ) | ੨੫੮-੮੫ | ਬੀਬੀ ਹਰਪਾਲ ਕੌਰ, ਫਰੈਸਨੋ ਅਮਰੀਕਾ | ੮੫੦-੦੦ |
| ਸ: ਬਲਵਿੰਦਰ ਸਿੰਘ ਗੋਰਖਪੁਰ | ੫੭੦-੦੦ | ਸ: ਪੂਰਨ ਸਿੰਘ, ਖੰਨੋਵਾਲ (ਕਪੂਰਥਲਾ) | ੨੫-੦੦ |
| ਸ: ਦਲੀਪ ਸਿੰਘ, ਦਿਲੀ | ੫੧-੦੦ | ਗੁਪਤ ... ... | ੧੦੦-੦੦ |
| ਸ: ਅਵਤਾਰ ਸਿੰਘ, ਕੋਟਾ | ੫੦੦-੦੦ | ਐਚ. ਐਸ, ਸਰਾਏ ਯੂ. ਕੇ. (ਭੋਗ ਸਮੇਂ ਭੇਟ) | ੪੫੬੫-੭੦ |
| ਸ: ਹਰਜੀਤ ਸਿੰਘ, ਕੋਟਾ | ੧੦੧-੦੦ | ਸ: ਗੁਰਬਖਸ਼ ਸਿੰਘ ਸਿਵੀਆ ਗ੍ਰੇਵਜ਼ੈਂਡ | |
| ਗੁਰੂ ਕੀ ਗੋਲਕ, ਜੋਧਪੁਰ | ੫੦੦-੦੦ | (ਮਦਰਾਸੀ ਪ੍ਰਵਾਰ ਲਈ) | ੪੦੦੦-੦੦ |
| ਸ: ਹਰਦਿਤ ਸਿੰਘ, ਨਵੀਂ ਦਿਲੀ | ੨੦੦-੦੦ | ਬੀਬੀ ਸੀਤਲ ਕੌਰ ਸ਼ਰਨਜੀਤ ਕੌਰ ਰੈਡਿੰਗ | |
| ਗੁਪਤ ... ... | ੨੦੦-੦੦ | (ਮਦਰਾਸੀ ਪ੍ਰਵਾਰ ਲਈ) | ੧੮੭੫-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਜਸਬੀਰ ਕੌਰ ਪਤਨੀ ਭਾਈ ਸਤਨਾਮ ਸਿੰਘ, ਜੈਂਤੀਪੁਰ (ਪਤੀ ਜੇਲ੍ਹ, ਘਰੋਗੀ ਲੋੜਾਂ) | ੪੦੦੦-੦੦ |
| ਭਾਈ ਗੁਰਬਖਸ਼ ਸਿੰਘ ਮਸਤਾਨਾ, ਇਸਲਾਮ ਗੰਜ ਲੁਧਿਆਣਾ (ਕੋਠੇ ਦੀ ਛੱਤ ਡਿਗਣ ਤੇ ਬਨਾਣ ਲਈ) | ੨੦੦੦-੦੦ |
| ਫੌਜੀ ਅਤੇ ਸ਼ਹੀਦੀ ੩੯ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ | ੮੧੫੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਗੁਰਪੁਰਵਾਸੀ ਭਾਈ ਭਜਨ ਸਿੰਘ (ਮਦਰਾਸੀ ਪਰਵਾਰ) | ੪੫੦੦-੦੦ |

**ਰਿਸ਼ਤੇ ਨਾਤੇ**— ਫਾਰਮ ਨੰ: ੩੬੬— ੨੮ ਸਾਲਾ ਬੀਬੀ, ਕੱਦ ੫'-੨'', ਵਿਦਿਆ ਦੋ ਸਾਲ ਅਮਰੀਕਾ ਕਾਲਜ, ਲਈ ਗੁਰਸਿਖ ਇੰਜੀਨੀਅਰ ਵਰ ਦੀ ਲੋੜ ਹੈ। ਲੜਕੇ ਨੂੰ ਅਮਰੀਕਾ ਰਹਿਣਾ ਪਏਗਾ।

## ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਸਤ ਰੁਪਏ

www.AKJ.Org

## ...ਸ਼ ਗੁਰਪੁਰਬ ਤੇ ਕੀਰਤਨ ਸਮਾਗਮ

### ...ਵਰ ਤੋਂ 14 ਨਵੰਬਰ 1989 ਮੰਗਲਵਾਰ ਸਵੇਰ ਤਕ

...ਠ ਆਸਾ ਦੀ ਵਾਰ ਉਪਰੰਤ ਅਖੰਡਪਾਠ ਅਰੰਭ ਲਾਇਲਪੁਰ ਖਾ:ਹਾ:ਸੈ: ਸਕੂਲ

..., ਤੋਂ 9 ਸੋਦਰ ਤੇ ਕੀਰਤਨ ਗੁਰਦਵਾਰਾ ਮਹੱਲਾ ਅਜੀਤ ਨਗਰ ਅੰਬੇਦਕਰ ਚੌਕ, ਨਕੋਦਰ ਰੋਡ

...ਵਰ 6 ਤੋਂ 12 ਅਤੇ ਸ਼ਾਮ 6-30 ਤੋਂ 9 ਅਖੰਡ ਕੀਰਤਨ ਲਾਇਲਪੁਰ ਖਾ: ਹਾ: ਸੈ: ਸਕੂਲ

...89 ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ, ਉਪ੍ਰੰਤ ਕੀਰਤਨ ਦੁਪਹਿਰ ਤਕ, ਸ਼ਾਮ 5 ਵਜੇ ਅੰਮ੍ਰਿਤ ਸਿੰਚਾਰ ਸਮਾਗਮ,

ਰਾਤ 7 ਵਜੇ ਰੈਣ ਸਬਾਈ ਕੀਰਤਨ ਅਰੰਭ। 14 ਨਵੰਬਰ ਸਵੇਰੇ 6 ਵਜੇ ਸਮਾਪਤੀ ਲਾਇਲਪੁਰ ਖਾ: ਸਕੂਲ ਵਿਖੇ।

...ਸ਼ ਤੇ ਲੰਗਰ ਖਾ: ਹਾਇਰ ਸੈਕੰਡਰੀ ਸਕੂਲ, ਨਕੋਦਰ ਰੋਡ ਵਿਖੇ। ਬਿਸਤਰੇ ਲੋੜ ਅਨੁਸਾਰ ਨਾਲ ਲਿਆਓ ਜੀ।

...ਰਨਲ ਦਲਜੀਤ ਸਿੰਘ, ਮਿਠਾ ਪੁਰ ਜਲੰਧਰ ਦਾਸਰੇ

ਹਰਭਜਨ ਸਿੰਘ, ਚੌਕ ਭਗਤ ਸਿੰਘ, ਜਲੰਧਰ ਫ਼ੋਨ 56856 ਅਖੰਡ ਕੀਰਤਨੀ ਜਥਾ ਜਲੰਧਰ

## ...ੀ (ਬਠਿੰਡਾ) ਗੁਰਦਵਾਰਾ ਸੰਤ ਭਾਈ ਸੁਹੇਲ ਸਿੰਘ ਵਿਖੇ ਰੈਣ ਸਬਾਈ ਕੀਰਤਨ

...ਵਾਰ ਰਾਤ ਨੂੰ ਅਖੰਡ ਕੀਰਤਨੀ ਜਥਾ ਬਠਿੰਡਾ ਸਰਕਲ ਵਲੋਂ ਕੀਰਤਨ ਹੋ ਰਹੇ ਹਨ।

## ...ਰਾ ਬੁੱਢਾ ਜੋਹੜ (ਰਾਜਿਸਥਾਨ) ਵਿਖੇ ਰੈਣ ਸਬਾਈ ਕੀਰਤਨ

...ਰਾਤ ਨੂੰ ਅਖੰਡ ਕੀਰਤਨ ਜਥਾ ਬਠਿੰਡਾ, ਮੋਗਾ, ਫਰੀਦਕੋਟ ਵਲੋਂ ਕੀਰਤਨ।

## ...-ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ।

## ...ਵਲੋਂ ਸ੍ਰੀ ਗੁਰੂ ਨਾਨਕ ਦੇਵ ਪ੍ਰਕਾਸ਼ ਗੁਰਪੁਰਬ ਤੇ ਹੋਰ ਸਮਾਗਮ

...ਵਾਰ ਰਾਤ (ਯੂ. ਕੇ. ਪਧਰ ਤੇ) ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼,

...ੀ ਸੋਹਿੰਦਰ ਸਿੰਘ ਅਟਵਾਲ (ਮਹਿੰਦਰ ਸਿੰਘ) 0203-665293

...ਤੋਂ 26 ਨਵੰਬਰ ਸ੍ਰੀ ਅਖੰਡਪਾਠ ਤੇ ਕੀਰਤਨ-ਬਰਖਾ ਗੁ: ਸ੍ਰੀ ਗੁਰੂ ਸਿੰਘ

...। ਵਿਖੇ (ਸਾਰੇ ਸਮਾਗਮ ਦੀ ਸੇਵਾ ਬੀਬੀ ਮਾਇਆ ਵੰਤੀ ਵਲੋਂ ਭਾਈ

...ਭਈ ਭਾਈ ਤਰਲੋਚਨ ਸਿੰਘ 021-523-2021

...: ਗੁਰੂ ਨਾਨਕ ਗੁਰਦਵਾਰਾ (ਸਿਖ ਟੈਂਪਲ) 8-ਐਡਵਰਡਜ਼

...ਵਾਰਾ ਫ਼ੋਨ : ਫ਼ੋਨ 021-553-1242

...ਪ ਸਿੰਘ ਫ਼ੋਨ 021-922-497485

...ਤਨੀ ਜਥਾ ਯੂ. ਕੇ. ਵਲੋਂ ਸਿੰਘਾਂ ਸਿੰਘਣੀਆਂ ਦਾ ਜਥਾ

...ਰੇਲੀਆ, ਨਿਊਜ਼ੀਲੈਂਡ, ਸਿੰਘਾਪੁਰ, ਅਮਰੀਕਾ, ਅਤੇ

...ਖੀਰ ਤੋਂ ਦਸੰਬਰ ਅਖੀਰ ਤਕ ਜਾ ਰਿਹਾ ਹੈ।

...ੀ ਰਾਮ ਸਿੰਘ ਸਾਊਥਾਲ ਵਾਲੇ 01-574-8629

...ਤੇ ਜਮ੍ਹਾਂ ਕਰਾਓ

...ding. Berk. Phone 0734-67900

...ਨਗਰ, ਸ੍ਰੀ ਅੰਮ੍ਰਿਤਸਰ

www.AKJ.Org